ਮਾਸਕ ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ


ਅੰਮ੍ਰਿਤਸਰ

ਨਵੰਬਰ ੧੯੮੮ ਦੇ ਮੋਗਾ ਸਲਾਨਾ ਸਮਾਗਮ ਸਮੇਂ

## ਕੀਰਤਨ ਅਖਾੜਿਆਂ ਵਿਚ ਅਨੰਦ ਕਾਰਜ ਲਈ ਪੇਸ਼ ਹੋਏ ੬ ਦੰਪਤੀ ਜੋੜੇ

MAR 1989

ਮਾਰਚ ੧੯੮੯



ਗੁਰਸਿਖ ਪਰਵਾਰਾਂ ਦੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਇਨ੍ਹਾਂ ਸਮਾਗਮਾਂ ਵਿਚ ਕਰਨ ਨਾਲ ਮਨਮਤੀ ਰਸਮਾਂ ਅਤੇ ਫ਼ਜ਼ੂਲ ਖ਼ਰਚਾਂ ਤੋਂ ਬਚ ਸਕਦੇ ਹਾਂ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ 3/70-68-4 (ਅ.ਪ.) ਮਿਤੀ 17.10.68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਮਨਮੁਖਿ ਕਰਮ (ਵਿਆਖਿਆ) | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰਮਤਿ ਪਰਉਪਕਾਰ ਬਿਬੇਕ | ੪ | ,, ,, |
| ਅਨਹਦ ਸ਼ਬਦ–ਦਸਮ ਦੁਆਰ | ੭ | ,, ,, |
| ਅਰਦਾਸ ਕੀ ਹੈ ? | ੯ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ | ੧੨ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕਾਹੇ ਜਗਿ ਆਏ ਰਾਮ ਰਾਜੇ (੩) | ੧੩ | ਸੂਬੇਦਾਰ ਧਰਮ ਸਿੰਘ ਜੀ |
| ਸਤਿਗੁਰਾਂ ਪਾਸ ਜੋਦੜੀ (ਕਵਿਤਾ) | ੧੭ | ਸ: ਅਵਤਾਰ ਸਿੰਘ ਜੀ |
| ਗੁਰਦੁਆਰਾ ਪੰਜਾ ਸਾਹਿਬ ਤੇ ਕਬਜ਼ਾ | ੧੮ | ਭਾਈ ਨਰੈਣ ਸਿੰਘ ਜੀ ਐਮ.ਏ. |
| ਸ੍ਰੀ ਪੰਜਾ ਸਾਹਿਬ ਦੇ ਸ਼ਹੀਦ ਪ੍ਰਤਾਪ ਸਿੰਘ ਜੀ | ੨੨ | ਸ: ਸੰਗਤ ਸਿੰਘ ਹੀਰਾ |
| ਗੰਭੀਰ ਸਮਾਜਕ ਕੁਹਜ | ੨੪ | ਸ: ਬਲਵਿੰਦਰਪਾਲ ਸਿੰਘ ਜੀ |
| ਸਿੰਘਾਂ ਦਾ ਦਿੱਲੀ ਤੇ ਕਬਜ਼ਾ | ੨੬ | ਡਾਕਟਰ ਗੁਰਚਰਨ ਸਿੰਘ ਜੀ |
| ਸ਼੍ਰੀ ਅੰਮ੍ਰਿਤਸਰ ਦੀ ਪ੍ਰਤਿਭਾ | ੨੮ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਬਾਬਾ ਦੀਪ ਸਿੰਘ ਜੀ ਸ਼ਹੀਦ (ਕਵਿਤਾ) | ੨੯ | ਸ: ਅਤਰ ਸਿੰਘ ਜੀ ਨੀਰ |
| ਤੂ ਕਹੀਅਤ ਹੀ ਆਦਿ ਭਵਾਨੀ, ਮੁਕਤਿ ਕੀ ਬਰੀਆ ਕਹਾ ਛਪਾਨੀ ? | ੩੧ | ਭਾਈ ਰਾਮ ਸਿੰਘ ਜੀ |
| ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ (ਕਵਿਤਾ) | ੩੩ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਬ੍ਰਹਮ ਗਿਆਨੀ–ਸੰਤ | ੩੫ | ਸੁਖਮਨੀ ਸਾਹਿਬ |
| ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ | ੩੭ | ਸ: ਰਵੇਲ ਸਿੰਘ ਜੀ ਐਡਵੋਕੇਟ |


ਹੋਲਾ ਮਹੱਲਾ ੨੩ ਮਾਰਚ

## ਸੂਰਾ ਮਾਸਕ ਪੱਤਰ ਲਈ ਪ੍ਰਜੀ ਸਹਾਇਤਾ


| | | |
|---|---|---|
| ਸ: ਗੁਰਵਿੰਦਰ ਸਿੰਘ, ਮੋਰਿੰਡਾ | ਸੂਰਾ ਦੀ ਚੜ੍ਹਦੀ ਕਲਾ ਲਈ | ੨੧-੦੦ |
| ਸ: ਕੁਲਦੀਪ ਸਿੰਘ, ਰੰਧਾਵਾ ਮਸੰਦਾਂ | ਮਾ: ਆਤਮਾ ਸਿੰਘ ਦੀ ਸਪੁਤਰੀ ਦੇ ਅਨੰਦ ਕਾਰਜ ਸਮੇਂ | ੧੦੧-੦੦ |
| ਬੀ: ਸੁਰਿੰਦਰ ਕੌਰ ਤੇ ਸੁਰਿੰਦਰ ਸਿੰਘ ਰੈਡਿੰਗ ਯੂ.ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੫੪੦-੦੦ |
| ਸ: ਹਾਕਮ ਸਿੰਘ, ਲੰਡਨ | ,, ,, | ੨੬-੦੦ |
| ਸ: ਜੋਗਿੰਦਰ ਸਿੰਘ ਖਾਲਸਾ, ਵਾਲਕਾ ਵਿਲੇ | ,, ,, | ੧੦-੦੦ |
| ਸ: ਇੰਦਰਜੀਤ ਸਿੰਘ, ਛਿੰਦਵਾੜਾ ਐਮ. ਪੀ. | ,, ,, | ੨੧-੦੦ |
| ਸ: ਭੁਪਿੰਦਰ ਸਿੰਘ ਤੇ ਜਸਬੀਰ ਕੌਰ, ਲਾਭ ਨਗਰ, ਅੰਮ੍ਰਿਤਸਰ | ਲੜਕੇ ਦੀ ਸੀਲੈਕਸ਼ਨ ਦੀ ਖੁਸ਼ੀ ਵਿਚ | ੫੧-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੩-੮੯ ਨੂੰ ਪ੍ਰਕਾਸ਼ਤ ਕੀਤਾ

ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਮਾਰਚ ੧੯੮੯ ਅੰਕ ੩

# ਮਨਮੁਖਿ ਕਰਮ

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥
ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥੧॥੮॥

—ਸਿਰੀ ਰਾਗੁ ਮਹਲਾ ੩, ਪੰਨਾ ੨੯

ਮਨਮੁਖਿ ਕਰਮ ਉਹ ਹਨ ਜੋ ਮਨ ਦੇ ਮਗਰ ਲਗ ਕੇ ਕੀਤੇ ਜਾਂਦੇ ਹਨ। ਜੋ ਸ਼ਖ਼ਸ ਮਨ ਦੇ ਮਗਰ ਲਗ ਕੇ ਕਰਮ ਕਰਦਾ ਹੈ, ਉਹ ਮਨਮੁਖ ਕਹਾਉਂਦਾ ਹੈ। ਮਾਇਆ ਦੇ ਦ੍ਰਿਸ਼ਟਮਾਨ ਪਸਾਰੇ ਵਿਚਿ ਮੋਹਤ ਹੋ ਕੇ, ਮਨਮੁਖ ਮੋਹ-ਮਾਇਆ ਵਾਲੇ ਕਰਮ ਹੀ ਕਰਦਾ ਹੈ। ਅਤੇ ਸੰਸਾਰਕ ਮੋਹ ਵਿਚਿ ਹੀ ਮੱਤਾ (ਵਿਆਪਿਆ) ਰਹਿੰਦਾ ਹੈ। ਤਿਸ ਨੂੰ ਪ੍ਰਮਾਰਥ ਸੰਦਾ ਬੈਰਾਗ ਕਦੇ ਉਪਜਦਾ ਹੀ ਨਹੀਂ। ਨਾਹੀਂ ਕਦੇ ਮਾਇਆ ਤੋਂ ਉਦਾਸੀ ਹੁੰਦੀ ਹੈ। ਉਸ ਨੂੰ ਸ਼ਬਦ ਦੀ ਸੋਝੀ ਹੀ ਨਹੀਂ ਆਉਂਦੀ। ਇਸ ਕਰਕੇ ਸਦਾ ਦੁਖ ਹੀ ਦੁਖ ਉਸ ਉਤੇ ਛਾਇਆ ਰਹਿੰਦਾ ਹੈ। ਇਸ ਲੋਕ ਵਿਖੇ ਤਾਂ ਉਹ ਦੁਖੀਆ ਰਹਿੰਦਾ ਹੈ, ਅਗੇ ਹਰਿ ਦਰਗਹ ਵਿਚਿ ਗਇਆਂ ਉਸ ਦੀ ਪਤਿ ਪ੍ਰਤੀਤ ਹੀ ਨਹੀਂ ਰਹਿੰਦੀ। ਉਹ ਕਉਡੀ ਦਾ ਮੁੱਲ ਨਹੀਂ ਪਾਉਂਦਾ। ਪਿਆ ਧੱਕੇ ਖਾਂਦਾ ਹੈ, ਸਾਰੀ ਪਤਿ ਲਥੀ ਜਾਂਦੀ ਹੈ, ਦੁਨਿਆਵੀ ਕੂੜਿਆਵੀ ਪਤਿ ਦੀ ਉਥੇ ਕੋਈ ਬਾਤ ਨਹੀਂ ਪੁਛਦਾ। ਪ੍ਰਤੀਤ ਹੀ ਨਹੀਂ ਰਹਿੰਦੀ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ''ਗੁਰਮਤਿ ਕਰਮ ਫ਼ਿਲਾਸਫ਼ੀ'' ਵਿਚੋਂ



www.AKJ.Org

# ਗੁਰਮਤਿ ਪਰਉਪਕਾਰ ਬਿਬੇਕ

[ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਨੋਟ—'ਸੂਰਾ' ਫਰਵਰੀ ੯੯ ਵਿਚ ਭਾਈ ਸਾਹਿਬ ਜੀ ਨੇ "ਗੁਰਮਤਿ ਦਾਨ" ਲੇਖ ਵਿਚ ਦਸਿਆ ਸੀ ਕਿ 'ਇਸ਼ਨਾਨ' ਦੇ ਨਾਲ ਹੀ 'ਨਾਮ ਦਾ ਸਹਾਈ' ਕਰਮ 'ਦਾਨ' ਹੈ। ਗੁਰੂ ਕੇ ਬਿਬੇਕੀ ਸਿੰਘ ਦਾਨ ਪੁੰਨ ਕਰਦਿਆਂ ਸੂਖਮ ਤੋਂ ਸੂਖਮ ਹੰਕਾਰ ਤੋਂ ਵੀ ਬਚਦੇ ਹਨ। ਉਹ ਤਾਂ ਗੁਰੂ ਕੀ ਬਖ਼ਸ਼ੀ ਦਾਤਿ ਗੁਰੂ ਨਮਿਤ ਲੇਖੇ ਲਾਂਦੇ ਹੋਏ ਸ਼ੁਕਰ ਕਰਦੇ ਹਨ ਕਿ ਸੁਫਲ ਕਮਾਈ ਗੁਰੂ ਲੇਖੇ ਲਗ ਗਈ। ਉਹ ਆਪਣਾ ਤਨ ਮਨ ਧਨ ਸਭ ਕੁਝ ਗੁਰੂ ਕੇ ਲੇਖੇ ਲਾ ਕੇ ਭੀ ਆਪਣਾ ਆਪ ਨਹੀਂ ਜਣਾਉਂਦੇ।

ਹੁਣ ਇਸ ਲੇਖ ਵਿਚ ਆਪ ਜੀ ਨੇ ਦਸਿਆ ਹੈ ਕਿ ਆਪਣਾ ਤਨ ਮਨ ਧਨ ਵਾਰਨ ਵਾਲੇ ਪਰਉਪਕਾਰੀ ਜਨ, ਪਰਉਪਕਾਰ ਕਮਾਂਦੇ ਹੋਇਆਂ ਕਿਸੇ ਦੇ ਅਉਗੁਣ ਨਹੀਂ ਚਿਤਾਰਦੇ। ਉਨ੍ਹਾਂ ਨੇ ਤਾਂ ਬੁਰਿਆਂ ਦਾ ਭੀ ਭਲਾ ਹੀ ਕਰਨਾ ਹੈ। ਪਰ ਇਹ ਬਿਵਸਥਾ ਤਦੇ ਹੀ ਪ੍ਰਾਪਤ ਹੋ ਸਕਦੀ ਹੈ ਜੇ ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਪੰਜਾਂ ਵਿਕਾਰਾਂ ਤੋਂ ਬਚਿਆ ਜਾਵੇ। ਇਹਨਾਂ ਪੰਜਾਂ ਤੋਂ ਬਚ ਕੇ ਹੀ ਪਰਉਪਕਾਰੀ ਜੀਵਨੀ ਜੀਣ ਵਾਲੇ, ਗਰੀਬੀ ਵਿਚ ਵਿਚਰਦੇ ਹੋਏ ਦਰ ਪਰਵਾਨ ਪੈਂਦੇ ਹਨ। ਜਿਸ ਦਾ ਆਪਣਾ ਜੀਵਨ ਸ਼ੁਧ ਤੇ ਪਵਿੱਤਰ ਨਹੀਂ, ਉਹ ਪਰਉਪਕਾਰੀ ਹੋ ਹੀ ਨਹੀਂ ਸਕਦਾ। ਐਸੇ ਪਰਉਪਕਾਰੀ ਜਨ ਕਿਸੇ ਹੋਰ ਨੂੰ ਅਜਿਹਾ ਜੀਵਨ ਗ੍ਰਹਿਣ ਕਰਨ ਲਈ ਉਪਦੇਸ਼ ਨਹੀਂ ਕਰਦੇ ਫਿਰਦੇ, ਸਗੋਂ ਉਹਨਾਂ ਦੇ ਨਿਰਮਲ ਜੀਵਨ ਹੀ ਚੰਦਨ ਦੀ ਸੁਗੰਧੀ ਵਾਂਗ ਸਭ ਸੰਗੀ-ਸਾਥੀਆਂ ਨੂੰ ਨਿਰਮਲ ਬਣਨ ਲਈ ਪ੍ਰੇਰ ਲੈਂਦੇ ਹਨ। —ਸੰਪਾਦਕ

ਐਸੇ ਹਉਮੈ ਰਹਿਤ ਨਿਹਕਰਮ ਪਰਉਪਕਾਰੀ ਜਨ, ਪਰਉਪਕਾਰੀ ਬਿਬੇਕ ਕਰਮ ਕਮਾਉਂਦੇ ਹੋਏ ਪਰਾਏ ਅਉਗੁਣ ਭੀ ਨਹੀਂ ਚਿਤਾਰਦੇ। ਜੈਸਾ ਕਿ ਹੁਕਮ ਹੈ :

ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥੩॥੧੭੨॥ (ਗਉੜੀ ਮਾਝ ਮ: ੫, ਪੰਨਾ ੨੧੮)

ਜੇ ਕੋਈ ਇਸ ਪਰਉਪਕਾਰ ਦੇ ਬਦਲੇ ਉਹਨਾਂ ਦਾ ਉਲਟਾ ਬੁਰਾ ਹੀ ਕਰੇ ਯਾ ਬੁਰਾ ਹੀ ਚਿਤਵੇ, ਤਦ ਭੀ ਉਹ ਉਸ ਬੁਰੇ ਦਾ ਭਲਾ ਹੀ ਲੋਚਦੇ ਹਨ ਅਤੇ ਉਸਦਾ ਭਲਾ ਹੀ ਕਰਦੇ ਹਨ। ਕਿਉਂਕਿ ਹੁਕਮ ਹੈ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥੭੮॥ (ਸਲੋਕ ਫ਼ਰੀਦ ਜੀ, ਪੰਨਾ ੧੩੮੧)

ਅਤੇ ਆਪਾ ਗਵਾ ਚੁਕੇ ਪਰਉਪਕਾਰੀ ਜਨ ਮਨ ਦੇ ਕਾਮ ਕ੍ਰੋਧ ਆਦਿਕ ਪੰਜ ਵਿਕਾਰਾਂ ਤੋਂ ਰਹਿਤ ਹੋ ਚੁਕੇ ਹੋਏ ਹੁੰਦੇ ਹਨ ਅਤੇ ਇਹਨਾਂ ਪੰਜੇ ਵਿਕਾਰਾਂ ਤੋਂ ਬਚੇ ਬਿਨਾਂ ਪਰਉਪਕਾਰ-ਬਿਬੇਕ ਨਹੀਂ ਕਮਾ ਹੁੰਦਾ। ਤਾਂ ਹੀ ਤੇ ਇਹਨਾਂ ਬਿਬਰਜਤ ਪੰਜ ਵਿਕਾਰਾਂ ਤੋਂ ਬਰਜੇ ਰਹਿਣ ਦਾ ਗੁਰਮਤਿ ਅੰਦਰ ਅਤੀਅੰਤ ਤਾੜਨਾ ਅਤੇ ਪ੍ਰੌੜ੍ਹਤਾ ਸਹਿਤ ਬਾਰੰਬਾਰ ਹੁਕਮ ਹੈ, ਯਥਾ :

ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥੨॥੪੨॥ (—ਸਿਰੀਰਾਗੁ ਮ: ੩, ਪੰਨਾ ੩੩)

ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥
ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥੫॥
(ਸਲੋਕ ਮ: ੫, ਵਾਰ ਗੂਜਰੀ ਮ: ੫, ਪੰਨਾ ੫੧੯

ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ **ਤਜਿ ਕਾਮੁ ਕ੍ਰੋਧੁ ਲੋਭੁ ਮੀਤ** ॥
ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥
ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥੨॥
(ਥਿਤੀ ਗਉੜੀ ਮ: ੫, ਪੰਨਾ ੨੯੬-੯੭)



www.AKJ.Org

ਇਸ ਪਿਛਲੇਰੇ ਗੁਰਵਾਕ ਦੇ ਆਰੂੜ ਕੀਤੇ ਹੁਕਮ "ਤਜਿ ਕਾਮੁ ਕ੍ਰੋਧੁ ਲੋਭੁ ਮੀਤ" ਦੇ ਕਮਾਏ ਤੋਂ "ਰਾਮ ਰਤਨੁ" ਬਿਬੇਕੀ ਜਨ ਦੇ ਮਨ ਤਨ ਅੰਦਰਿ ਵਸ ਜਾਂਦਾ ਹੈ। ਜਿਸ ਦਾ ਫਲ ਕੀ ਹੁੰਦਾ ਹੈ ? ਇਹ ਕਿ (੧) 'ਮਰਣੁ ਮਿਟੈ' (੨) 'ਜੀਵਨੁ ਮਿਲੈ' (੩) 'ਬਿਨਸਹਿ ਸਗਲ ਕਲੇਸ'। ਫੇਰ ਹੁਕਮ ਹੁੰਦਾ : 'ਆਪੁ ਤਜਹੁ' ਅਤੇ ਆਪ ਤਜ ਕੇ ਫੇਰ ਜਦ 'ਗੋਬਿੰਦ ਭਜਹੁ' ਦਾ ਹੁਕਮ ਤਤਸਾਰ ਬਿਬੇਕ ਕਮਾਇਆ ਜ਼ਾਂਦਾ ਹੈ ਤਦ ਜਾ ਕੇ ਭਾਉ ਭਗਤਿ ਵਿਖੇ ਲੀਨਤਾ ਪੂਰਬਕ ਪ੍ਰਵੇਸ਼ ਹੁੰਦਾ ਹੈ। ਤਾਂ ਤੇ ਪਰਉਪਕਾਰ ਦੇ ਪਉੜੇ ਨੂੰ ਪ੍ਰਾਪਤ ਕਰਨ ਨਮਿਤ ਕਾਮ ਕ੍ਰੋਧ ਲੋਭ ਹੰਕਾਰ ਆਦਿਕ ਦਾ ਤਜਣਾ ਭੀ ਗੁਰਮਤਿ ਬਿਬੇਕ ਦਾ ਜ਼ਰੂਰੀ ਅੰਗ ਹੈ। ਪੁਨਾ :

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥
ਇਹੀ ਆਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥
(ਆਸਾ ਮ: ੫, ਪੰਨਾ ੩੭੭-੭੮)

ਤਾਤਪਰਜ ਇਸ ਗੁਰਵਾਕ ਦਾ ਇਹ ਹੈ ਕਿ ਜਗਿਆਸੂ ਰੂਪ ਇਸਤ੍ਰੀ ਤਦੇ ਹੀ ਪ੍ਰੀਤਮ ਪ੍ਰਮਾਤਮਾ ਨੂੰ ਪਿਆਰੀ ਹੋ ਸਕਦੀ ਹੈ ਅਤੇ ਤਦੇ ਹੀ ਉਸ ਦੇ ਦੁਆਰੇ ਪ੍ਰਵਾਣ ਪੈ ਕੇ ਸੋਭਾ ਪਾਉਣਹਾਰੀ ਹੋ ਸਕਦੀ ਹੈ, ਜੇ ਏਸ ਪ੍ਰਕਾਰ ਗੁਰਮਤਿ ਹੁਕਮਾਂ ਨੂੰ ਕਮਾਉਂਦੀ ਹੋਈ, ਉਕਤ ਹੁਕਮਾਂ ਅਨੁਸਾਰ ਗੁਰਮਤਿ ਬਿਬੇਕ ਕਰਮ ਕਰੇ-(੧) 'ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ', (੨) ਉਸਦੀ ਆਪਣੀ ਧਾਰੀ ਹੋਈ ਦੁਰਮਤਿ ਛੁਟਕ ਜਾਏ (ਦੂਰ ਹੋ ਜਾਏ), (੩) 'ਹੋਇ ਨਿਮਾਣੀ ਸੇਵ ਕਮਾਵਹਿ'॥ ਅਤੇ ਇਸ ਪਿਛਲੀ ਨਿਰਮਾਣ ਸੇਵਾ ਦੀ ਸਰੂਪ ਵਿਆਖਿਆ ਕਰਦੇ ਹੋਏ ਦ੍ਰਿੜ੍ਹਾਇਆ ਗਿਆ ਹੈ ਕਿ ਗੁਰੂ ਕੇ ਚਰਨ ਪਖਾਰਨਹਾਰੇ ਦਾਸਾਂ ਕੇ ਦਾਸਨ ਦੀ ਭੀ ਦਾਸਰੀ ਹੋਇ ਕੇ ਰਹੇ ਵਰਤੇ। ਅਤੇ ਸਾਰੇ ਆਚਾਰਾਂ ਸਿਰ ਆਚਾਰ ਅਤੇ ਬਿਉਹਾਰਾਂ ਸਿਰ ਬਿਉਹਾਰ ਸਚਾ ਆਚਾਰ ਬਿਉਹਾਰ ਇਹੀ ਹੈ ਕਿ ਗੁਰੂ ਕੀ ਹਰ ਪ੍ਰਕਾਰੀ ਆਗਿਆ ਮੰਨਦੀ ਹੋਈ (ਅਰਥਾਤ ਹੁਕਮ ਰਜਾਈ ਚਲਦੀ ਹੋਈ) ਪ੍ਰੇਮਾ-ਭਗਤੀ ਕਮਾਵੇ। ਕਿਉਂਕਿ ਆਗਿਆਕਾਰੀ ਜਗਿਆਸੂ ਇਸਤ੍ਰੀ ਓਹੀ ਹੈ ਜੋ ਭਾਈ ਗੁਰਦਾਸ ਜੀ ਦੇ ਇਸ ਬਚਨ : ਜੋਈ ਜੋਈ ਆਗਿਆ ਹੋਇ ਸੋਈ ਸੋਈ ਮਾਨਿ ਜਾਨਿ ਹਾਥ ਜੋਰੈ ਅਗ੍ਰ ਭਾਗਿ ਹੋਇ ਆਗਿਆਕਾਰੀ ਹੈ"† ਅਨੁਸਾਰ ਹਰ ਪ੍ਰਕਾਰ ਦੀ ਆਗਿਆ ਮੰਨਣ ਕਮਾਵਣ ਨੂੰ ਹਰ ਵਕਤ ਹਥੀ ਬੱਧੀ ਤਿਆਰ ਰਹੇ। ਇਸ ਪ੍ਰੇਮ-ਪ੍ਰਵੇਧੀ ਆਗਿਆਕਾਰੀ ਕਾਰ ਕਮਾਵਨ ਕਰਿ ਸੇਵਕ ਜਨ ਦੇ ਅੰਦਰਿ ਪਰਲੇ ਦਰਜੇ ਦੀ ਨਿਮਰਤਾ-ਭਾਵਨੀ ਹੁੰਦੀ ਹੈ। ਅਤੇ ਇਹ ਨਿਮਰਤਾ-ਭਾਵਨੀ ਸੇਵਕ ਜਨ ਨੂੰ ਹਰ ਵਕਤ ਸੇਵਾ ਰੱਤੇ ਮੱਤੇ ਰਖਦੀ ਹੈ। ਇਸ ਦਸ਼ਾ ਵਿਚ ਸੇਵਾ, ਸੇਵਕ ਜਨ ਦਾ ਅਮਲ (ਨਸ਼ਾ) ਅਤੇ ਸੁਤੇ-ਅਹਾਰੀ-ਗਿਜ਼ਾ ਬਣ ਜਾਂਦੀ ਹੈ, ਜਿਸ ਦੇ ਬਾਝੋਂ ਉਹ ਰਹਿ ਨਹੀਂ ਸਕਦਾ। ਜੋ ਭੀ ਕਾਰ ਉਹ ਕਮਾਂਵਦਾ ਹੈ, ਇਸ ਰੱਤੀ ਮੱਤੀ ਦਸ਼ਾ ਵਿਚ ਹੀ ਖਿੜੇ ਮਥੇ ਹਸੂੰ ਹਸੂੰ ਕਰਦਾ ਸਿਰੇ ਚੜ੍ਹਾਂਵਦਾ ਹੈ। "ਸੇਵਕ ਕਉ ਸੇਵਾ ਬਨਿ ਆਈ" ਅਤੇ "ਹੁਕਮੁ ਬੂਝਿ ਪਰਮ ਪਦੁ ਪਾਈ"* ਦੇ ਮਰਾਤਬੇ ਏਥੇ ਪਹੁੰਚ ਕੇ ਹੀ ਮਿਲਦੇ ਹਨ। ਅਤੇ ਏਥੋਂ ਹੀ ਸੇਵਾ, ਪਰਉਪਕਾਰ ਦੇ ਸਰੂਪ ਵਿਚ ਬਦਲਦੀ ਹੈ।

ਗੁਰਮਤਿ ਦੀ ਏਸ ਸੇਵਾ-ਕਾਰ ਅਤੇ ਗੁਰਮਤਿ-ਪਰਉਪਕਾਰ ਦੀ ਬੜੀ ਅਨੋਖੀ ਚਾਲ ਹੈ। ਪਰਉਪਕਾਰੀ

* ਸੁਖਮਨੀ ਸਾਹਿਬ, ਅਸਟ: ੨੨, ਪਦਾ ੪, ਪੰਨਾ ੨੯੨
† ਭਾਈ ਗੁਰਦਾਸ ਜੀ, ਕਬਿਤ ੨੧੨



www.AKJ.Org

ਸੇਵਕ ਜਨਾਂ ਨੂੰ ਆਪਣਾ ਨਾਮਣਾ ਪ੍ਰਸਿਧੀ ਕਰਨ ਦੀ ਕੋਈ ਚਾਹ ਨਹੀਂ। ਲੋਕਾਂ ਦੀ ਵਡਿਆਈ ਉਪਮਾ ਦੀ ਕੋਈ ਪ੍ਰਵਾਹ ਨਹੀਂ। ਅਤੇ ਨਾ ਹੀ ਆਮ ਸੰਸਾਰੀਆਂ ਵਾਲੀ ਚਤੁਰਾਈ ਸਿਆਣਪ ਉਹਨਾਂ ਨੂੰ ਪੋਹ ਸਕਦੀ ਹੈ। ਕੋਈ ਉਹਨਾਂ ਨੂੰ ਬੁਰਾ ਆਖੇ, ਭਾਵੇਂ ਭਲਾ ਆਖੇ, ਉਹ ਆਪਣੀ ਸੇਵਾ ਉਪਕਾਰ ਦੀ ਲਗਨ ਵਿਚ ਉਸੇ ਤਰ੍ਹਾਂ ਹੀ ਇਕਤਾਰ ਮਗਨ ਰਹਿੰਦੇ ਹਨ। ਮਾਨੋ ਉਹਨਾਂ ਸੇਵਾ ਦੀ ਕੁਠਾਲੀ ਵਿਚ ਹੀ ਆਪਣਾ ਆਪ ਢਾਲ ਦਿਤਾ ਹੈ। ਉਹਨਾਂ ਦੀ ਇਸ ਦਸ਼ਾ ਤੇ ਇਹ ਗੁਰਵਾਕ ਰੂਪੀ ਬਚਨ ਕੈਸੇ ਸੁੰਦਰ ਘਟਦੇ ਅਤੇ ਫਬਦੇ ਹਨ, ਯਥਾ :

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥
(ਦੇਵਗੰਧਾਰੀ ਮ: ੪, ਪੰਨਾ ੫੨੮)

ਸੇਵਾ ਸਰੂਪ ਹੋਏ ਵੇ ਸੇਵਕ ਜਨ, ਪਰਉਪਕਾਰ ਦੀ ਕਾਰ ਕਮਾਂਵਦੇ ਹੋਏ ਮਾਨੋ ਕਿ ਸੁਤੇ ਸੁਭਾਵ ਹੀ ਇਸ ਦੁਤੁਕੀ ਅੰਦਰ ਦਰਸਾਈ ਸੇਵਾ ਘਾਲ-ਕਮਾਈ ਵਾਲੇ ਹੁਕਮਾਂ ਉਪਰ ਚਲਦੇ ਹਨ। ਲੋਗਾਂ ਦੀਆਂ ਵਡਿਆਈਆਂ ਨੂੰ ਸਚ ਮੁਚ ਹੀ ਉਹਨਾਂ ਨੇ ਬੈਸੰਤਰ ਵਿਚ ਜਾਲ ਕੇ ਸੁਆਹ ਕਰ ਦਿਤਾ ਹੁੰਦਾ ਹੈ! ਵਾਹੁ ਵਾਹੁ !!

ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥
ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥੩੨॥ (ਬਿਲਾਵਲੁ ਮ: ੫, ਪੰਨਾ ੮੦੮)

ਇਸ ਗੁਰ-ਹੁਕਮ ਦੀ ਕੈਸੀ ਸੁੰਦਰ ਆਗਿਆ ਪਾਲਨ ਹੁੰਦੀ ਹੈ। "ਆਪੁ ਗਵਾਇ ਨ ਆਪੁ ਗਣਾਇਆ"* ਦੀ ਏਥੇ ਮੁਸ਼ਕ ਮਾਤਰ, ਰੁਮਕ ਭਰ ਵਾਸ਼ਨਾ ਨਹੀਂ ਰਹਿੰਦੀ। ਕੈਸਾ ਵਿਲੱਖਣ ਗੁਰਮਤਿ ਪਰਉਪਕਾਰ ਬਿਬੇਕ ਹੈ। ਗੁਰਮਤਿ ਸੇਵਾ ਦੇ ਪ੍ਰੇਮ ਪਿੜ ਵਿਚ ਆਂ ਕੇ ਪਰਉਪਕਾਰ ਦੇ ਪਤੰਗਿਆਂ ਦੀ ਸਿਰਾਂ ਧੜਾਂ ਦੀ ਬਾਜ਼ੀ ਲਗੀ ਹੋਈ ਹੁੰਦੀ ਹੈ। ਪਰੰਤੂ ਪਰਉਪਕਾਰੀ ਮਰਜੀਵੜਿਆਂ ਨੇ ਤਾਂ "ਹਮ ਤਨੁ ਦੀਓ ਹੈ ਢਾਰਿ" ਦੇ ਹੀ ਪੂਰਨੇ ਪਾਉਣੇ ਹਨ। ਸਚ ਹੈ :–

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥
ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰਧਾਰਿ ॥੧॥੨੭॥
(ਸਾਰੰਗ ਕੀ ਵਾਰ, ਮ: ੩, ਪੰਨਾ ੧੨੪੭)

ਸੇਵਕ ਪਰਉਪਕਾਰੀ ਸੋ ਹੈ ਜੋ :

ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥੨॥੫੮॥
(ਸੂਹੀ ਮ: ੫, ਪੰਨਾ ੭੫੦)

ਵਾਲੇ ਗੁਰਵਾਕ ਦੇ ਭਾਵ ਵਾਲੀ ਕਮਾਈ ਹੋਈ ਜੀਵਨ-ਬਿਵਸਥਾ ਵਾਲਾ ਬਿਬੇਕੀ ਜਨ ਹੁੰਦਾ ਹੈ। ਪ੍ਰੰਤੂ ਹੁੰਦਾ ਜੀਵਤਿਆਂ ਮਤ ਕੇ ਹੈ। ਜੋ ਜੀਉਂਦਾ ਨਹੀਂ ਮਰ ਗਿਆ, ਜੋ ਜੀਵਤ ਭਾਵ ਤੋਂ ਮਿਰਤਕ ਹੋ ਕੇ ਫੇਰ ਅਮਰ ਨਹੀਂ ਹੋ ਗਿਆ, ਜਿਸ ਨੇ :

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥੨॥੪੩॥ (ਆਸਾ ਮ: ੫, ਪੰਨਾ ੩੮੧)

ਦੇ ਭਾਵ ਅਨੁਸਾਰ ਆਪਣਾ ਆਪ ਨਹੀਂ ਸੋਧ ਪ੍ਰਬੋਧ ਲਿਆ, ਉਹ ਹੋਰਨਾਂ ਨੂੰ ਕੀ ਰੀਝਾ ਸਕਦਾ ਹੈ ? ਉਹ ਦੂਜਿਆਂ ਨੂੰ ਕੀ ਮਾਰਗ ਪਾ ਸਕਦਾ ਹੈ ? ਜਿਸ ਨੇ ਆਪਣਾ ਜੀਵਨ ਨਹੀਂ ਸੁਧਾਰਿਆ, ਉਹ ਕਿਸੇ ਤੇ ਕੀ ਪਰਉਪਕਾਰ ਕਰ ਸਕਦਾ ਹੈ। ਅਤੇ ਜਿਸਦਾ ਆਪਣਾ ਜੀਵਨ ਸੁਧ ਅਤੇ ਪਵਿਤ੍ਰ ਹੈ, ਜਿਸ ਨੇ ਆਪਣਾ ਆਪ ਪ੍ਰਬੋਧ ਸੋਧ ਲਿਆ ਹੈ, ਉਸ ਨੂੰ ਕਿਸੇ ਪ੍ਰਤੀ ਉਪਦੇਸ਼ ਕਰਨ ਦੀ ਲੋੜ ਨਹੀਂ। ਉਸ ਦੀ ਪ੍ਰਤੱਖ ਨਜ਼ੀਰ ਹੀ ਆਪਣੇ ਆਪ ਦੂਜਿਆਂ ਨੂੰ ਰੀਝਾਵੇਗੀ। ਉਸ ਦੀ ਜ਼ਿੰਦਗੀ ਦਾ ਨੇਕ ਨਮੂਨਾ ਹੀ, ਉਸ ਦਾ ਪਵਿਤ੍ਰ ਜੀਵਨ ਹੀ ਚੰਦਨ ਬਿਰਖ ਦੀ ਨਿਆਈਂ ਹੋਵੇਗਾ, ਜਿਸ ਤੋਂ ਕਿ ਆਸ ਪਾਸ ਦੇ ਹੋਣਹਾਰ ਜੀਵਨ ਬਿਰਵੇ ਸੁਤੇ ਹੀ ਸੁਗੰਧਤ ਹੋਣਗੇ।

[“ਗੁਰਮਤਿ ਬਿਬੇਕ” ਪੁਸਤਕ ਵਿਚੋਂ

*ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੩



www.AKJ.Org

# ਅਨਹਦ ਸ਼ਬਦ–ਦਸਮ ਦੁਆਰ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰਮਤਿ ਦੇ ਅਨੇਕਾਂ ਸਿਧਾਂਤ ਐਸੇ ਹਨ ਜਿਨ੍ਹਾਂ ਦੀ ਵਾਸਤਵਤਾ ਉਤੇ ਗੁਰਮਤਿ-ਜਗਿਆਸੂਆਂ ਤੇ ਗੁਰਮਤਿ-ਪਾਂਧੀਆਂ ਨੂੰ ਵੀ ਦ੍ਰਿੜ੍ਹ ਵਿਸ਼ਵਾਸ ਭਰੋਸਾ ਨਹੀਂ ਆਇਆ, ਦੂਜਿਆਂ ਨੂੰ ਤਾਂ ਕੀ ਆਉਣਾ ਸੀ। ਗੁਰਬਾਣੀ ਅੰਦਰ ਅਨੇਕ ਥਾਈਂ ਅਨਹਦ ਸ਼ਬਦ ਦੀ ਮਹਿਮਾ ਦਰਸਾਈ ਗਈ ਹੈ ਅਤੇ ਦਸਮ ਦੁਆਰ ਦੀ ਦਰਸਤਾ ਗਾਈ ਗਈ ਹੈ। ਪ੍ਰੰਤੂ ਗੁਰਬਾਣੀ ਉਪਰ ਨਿਸਚਾ ਰਖਣ ਦੇ ਦਾਅਵੇਦਾਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਸ਼ਰਧਾ-ਭਾਵਨੀ ਲਿਆਵਣਹਾਰੇ ਪ੍ਰਸ਼ੰਸਾਕਾਰਾਂ ਅਤੇ ਕਈ ਇਕ ਅਨਿੰਨ ਸਿਖ ਸਦਾਵਣਹਾਰਾਂ ਨੂੰ ਭੀ ਅਜੇ ਤਾਈਂ ਸੰਸਾ ਹੈ ਕਿ ਸੱਚਮੁਚ ਇਸ ਗੁਰਮਤਿ-ਦਰਸਾਏ ਸਿਧਾਂਤ ਵਿਚ ਤੱਤ-ਹੋਂਦਨੀ ਵਾਸਤਵੀ ਸਚਾਈ ਹੈ ਕਿ ਨਹੀਂ ?

ਗੁਰਮਤਿ ਦੇ ਇਸ ਗੰਭੀਰ ਸਿਧਾਂਤ ਉਤੇ ਕਿੰਤੂ ਕਰਨ ਵਾਲੇ ਸੰਸੇ ਤਿਨ੍ਹਾਂ ਨੂੰ ਹੀ ਉਪਜਦੇ ਹਨ, ਜਿਨ੍ਹਾਂ ਨੇ ਗੁਰਬਾਣੀ ਨੂੰ ਕੇਵਲ ਘੋਖਿਆ ਹੈ ਪਰ ਕਮਾਇਆ ਨਹੀਂ; ਸੁਣਿਆ ਪੜ੍ਹਿਆ ਹੈ ਪਰ ਅਜ਼ਮਾਇਆ ਨਹੀਂ; ਜਿਨ੍ਹਾਂ ਨੇ ਗੁਰਬਾਣੀ ਦੇ ਹੁਕਮਾਂ ਅਨੁਸਾਰ ਹੁਕਮਨ ਸਿਰ ਸੱਚੇ ਹੁਕਮ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਨਹੀਂ ਕੀਤੀ ਅਤੇ ਸਿਮਰਨ ਸਿਫ਼ਤਿ-ਸਾਲਾਹ ਮਈ ਸੱਚੀ ਸੇਵਾ ਘਾਲਣਾ ਨਹੀਂ ਘਾਲੀ। ਓਹ ਸਿਖ ਜਗਿਆਸੂ ਇਸ ਉਚ ਗੁਰਮਤਿ ਸਿਧਾਂਤ ਦੀ ਸਚਾਈ ਨੂੰ ਕੀ ਜਾਂਚ ਸਕਦੇ ਹਨ ?

ਜਦ ਤਾਈਂ ਕੋਈ ਖਾਸ ਆਤਮ-ਬਿਵਸਥਾ ਕਿਸੇ ਉਪਰ ਵਾਪਰ ਨਾ ਜਾਏ, ਤਦ ਤਾਈਂ ਉਸ ਨੂੰ ਸੁਣੀ ਸੁਣਾਈ, ਪੜ੍ਹੀ ਪੜ੍ਹਾਈ ਬਿਵਸਥਾ ਉਤੇ ਅਮੰਨਾ ਹੀ ਨਹੀਂ ਆ ਸਕਦਾ। ਬੁੱਧੀ ਦੀਆਂ ਅਲਪੱਗ ਅਕਲੀ ਦਉੜਾਂ ਦੀ ਮੰਜ਼ਲ ਬੜੀ ਉਰੇਡੀ ਹੈ ਅਤੇ ਸਭ ਤੋਂ ਵੱਡੀ ਕਮ-ਅਕਲੀ ਇਹ ਹੈ ਕਿ ਅਲਪੱਗ ਬੁੱਧੀ ਦੀ ਗੰਮਤਾਂ ਤੋਂ ਅਗੋਚਰ ਗੁਰਮਤਿ ਸਿਧਾਂਤ ਦੇ ਅਸੂਲਾਂ ਨੂੰ ਪਰਖਣ, ਮਾਪਣ ਅਤੇ ਜਾਚਣ ਲਈ ਇਸ ਅਲਪੱਗ ਬੁੱਧੀ ਦੀ ਕਸਉਟੀ ਹੀ ਲਾਈ ਜਾਏ।

ਗੁਰਸਿਖੀ ਦਾ ਮੁੱਢ ਏਥੋਂ ਅਰੰਭ ਹੁੰਦਾ ਹੈ ਕਿ ਜੋ ਕੁਛ ਗੁਰਬਾਣੀ ਆਖਦੀ ਹੈ, ਉਸ ਨੂੰ ਸਤਿ ਸਤਿ ਕਰਕੇ ਮੰਨਿਆ ਜਾਏ ਅਤੇ ਗੁਰਮਤਿ ਦੇ ਅਗਮ ਅਗੋਚਰ ਸਿਧਾਂਤਾਂ ਉਤੇ ਬਿਨਾਂ ਕਿੰਤੂ ਕੀਤੇ ਈਮਾਨ ਲਿਆਂਦਾ ਜਾਏ। ਇਨ੍ਹਾਂ ਸਿਧਾਂਤਾਂ ਉਤੇ ਈਮਾਨ ਲਿਆਉਣਾ ਹੀ ਕਾਫੀ ਨਹੀਂ, ਬਲਕਿ ਉਤਮ ਜਗਿਆਸਾ ਇਹ ਹੈ ਕਿ ਇਹਨਾਂ ਸਿਧਾਂਤਾਂ ਨੂੰ ਸਤਿ ਕਰਕੇ ਮੰਨਦੇ ਹੋਇਆਂ, ਇਨ੍ਹਾਂ ਦੇ ਆਦਰਸ਼ੀ ਅਉਜ ਉਤੇ ਅਪੜਨ ਲਈ ਗੁਰਬਾਣੀ ਦੇ ਹੁਕਮਾਂ ਅਨੁਸਾਰ ਅਮਲੀ ਜੀਵਨ ਜੀਆਵਨੀ ਘਾਲਣਾ ਘਾਲੀ ਜਾਵੇ। ਪ੍ਰਮਾਰਥੀ ਸਿਧਾਂਤਾਂ ਦੀ ਸੱਚ-ਪਤਿਆਰਨੀ-ਪਤੀਜ ਤਾਂ ਇਸ ਅਉਜ ਤੇ ਅਪੜਿਆਂ ਹੀ ਆਉਂਦੀ ਹੈ। ਪਰ ਤੱਤ-ਪ੍ਰਮਾਰਥੀ ਮੰਜ਼ਲ ਦੀ ਅਉਜ ਤੇ ਅਪੜਿਆਂ ਹੋਇਆਂ ਦੀ ਸਾਖਾ ਭੀ ਇਸ ਸੰਬੰਧੀ ਸ਼ਰਧਾ ਉਪਜਾਉਣ ਅਤੇ ਈਮਾਨ ਲਿਆਉਣ ਲਈ ਬਹੁਤ ਸਹਾਈ ਹੈ :

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਈ ॥

–ਰਾਮਕਲੀ ਮ: ੫, ਪੰਨਾ ੮੯੪/੮

ਵਾਲਾ ਗੁਰਵਾਕ ਗੁਰਸਿਖ ਜਗਿਆਸੂਆਂ ਨੂੰ ਇਹ ਸਰਧਾਉਂਦਾ ਹੈ ਕਿ ਸਰਬੱਗ ਮਹਾਂਪੁਰਸ਼ਾਂ, ਸੰਤਨ ਸਿਰ ਸੱਚੇ ਸੰਤਾਂ, ਧੁਰੋਂ ਪਠਾਏ ਗੁਰ-ਸੰਤਾਂ ਨੇ ਜੋ ਕੁਝ ਧੁਰੋਂ ਧੁਰਾਈ ਗੁਰਬਾਣੀ ਦੁਆਰਾ ਉਚਾਰਿਆ ਹੈ, ਸੋ ਤੱਤ ਵਾਸਤਵ ਸੱਚੀ ਸਾਖਾ ਭਰੀ ਹੈ, ਉਸ ਵਿਚ ਰੰਚਕ ਭੀ ਸੰਸਾ ਸੰਦੇਹ ਨਹੀਂ। ਸਿਖ ਜਗਿਆਸੂ ਦੀ ਸ਼ਰਧਾ ਜਦੋਂ ਏਸ ਸੰਸੇ ਤੋਂ ਅਗਾਹਾਂ ਨਿਖਰ ਤੁਰੀ, ਜਦ ਦੂਜਾ ਕਦਮ ਉਹ ਸ਼ਰਧਾਲੂ ਜਨ ਜੋ ਚੁਕੇਗਾ, ਉਹ ਉਸ ਸਚਿਆਈ ਵਾਲੇ ਆਦਰਸ਼ਕ ਅਉਜ ਤੇ ਅਪੜਨ ਲਈ ਸ਼ਰਧਾ ਭਰੇ ਉਮਾਹਿਆਂ ਵਾਲਾ ਹੋਵੇਗਾ। ਇਸ ਬੀਜ ਅੰਜਕ ਸ਼ਰਧਾ ਸੇਤੀ ਸਰਧੰਤ ਹੋ ਕੇ ਹੀ ਸਿਖ ਜਗਿਆਸੂ ਦੀ ਅਭਿਆਸ ਕਮਾਈ ਸਫਲ ਫਲਾਈ ਹੋ ਸਕਦੀ ਹੈ।

ਸਫਲ ਫਲਾਈਆਂ ਵਾਲੀ ਘਾਲਣਾ ਦੇ ਘਾਲਣਹਾਰੇ ਸ਼ਰਧਾਲੂ ਜਨਾਂ ਨੂੰ ਆਦਰਸ਼ਕ ਅਉਜ ਉਤੇ ਅਪੜਨ



www.AKJ.Org

ਦੀ ਸਮਰੱਥਾ ਪ੍ਰਾਪਤ ਹੁੰਦੀ ਹੈ। ਜਿਨ੍ਹਾਂ ਗੁਰਮੁਖ ਪਿਆਰਿਆਂ ਗੁਰੂ ਦੁਲਾਰਿਆਂ ਨੂੰ ਗੁਰੂ-ਨਦਰ-ਕਰੰਮੀ ਇਹ ਸਫਲਤਾ ਹੋ ਜਾਂਦੀ ਹੈ, ਓਹੀ ਦਸਮ ਦੁਆਰ ਦੀ ਬਿਸਮ-ਅਨੰਦ ਖੇਡ ਦੇ ਖੇਡਾਰੀ ਹੋ ਕੇ ਅਨਹਦ ਸ਼ਬਦ ਦੀ ਪਰਮ ਪਤਿਆਰੀ ਤੱਤ-ਲਖਤਾ ਨੂੰ ਪ੍ਰਾਪਤ ਹੁੰਦੇ ਹਨ। **ਦਸਮ ਦੁਆਰ ਦੀ ਅਨਹਦ ਅਨੰਦੀ ਮਉਜ ਨੂੰ ਮਾਨਣਹਾਰੇ ਇਸ ਮਉਜ ਨੂੰ ਮਾਣਦੇ ਹਨ, ਲਖਦੇ ਹਨ, ਪਰ ਲਖਾਉਂਦੇ ਨਹੀਂ। ਨਿਰਖਦੇ ਹਨ, ਪਰ ਨਿਰਖਾਉਂਦੇ ਨਹੀਂ।** ਲਖਾਵਣ, ਨਿਰਖਾਵਣ ਲਈ ਉਹਨਾਂ ਦੀ ਪਰੋਖੋਂ ਹੀ ਨਹੀਂ ਰਹਿੰਦੀ। ਅਨਹਦ ਸ਼ਬਦ ਦੀ ਅਨਹਦਤਾ ਵਿਚ ਸਮਾਈ ਰਖਣ ਵਾਲੇ ਗੁਰਸਿਖਾਂ ਦੀ ਬੜੀ ਮਾਣਾਈ ਹੈ। ਓਹ ਅਜਰ ਨੂੰ ਜਰ ਕੇ ਜਣਾਉਂਦੇ ਨਹੀਂ ਅਤੇ ਅਲੱਖ ਨੂੰ ਲਖ ਕੇ ਲਖਾਉਂਦੇ ਨਹੀਂ।

ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਖੇਡ ਨੂੰ ਖਿਲਾਉਣ ਬਣਾਉਣਹਾਰੇ ਬਾਜ਼ਾਰੀਆਂ, ਪਰਪੰਚ ਮਤਾਰੀਆਂ ਨੇ ਇਹ ਆਪਣਾ ਸ਼ੇਵਾ ਹੀ ਬਣਾ ਛਡਿਆ ਹੋਇਆ ਹੈ ਕਿ ਮਨ-ਮਤਸਰੀ ਹੋ ਕੇ ਅਨਹਦ ਸ਼ਬਦ ਅਤੇ ਦਸਮ ਦੁਆਰ ਦੀ ਪਹੁੰਚ ਦੀਆਂ ਡੀਂਗਾਂ ਮਾਰਨ ਲੱਗ ਪੈਂਦੇ ਹਨ। ਅੰਦਰ ਉਹਨਾਂ ਦੇ ਕੱਖ ਨਹੀਂ ਹੁੰਦਾ, ਫੋਕੀਆਂ ਟਾਹਰਾਂ ਮਾਰ ਕੇ ਲੋਕਾਂ ਨੂੰ ਫੁਸਲਾਉਂਦੇ ਹਨ।

ਤਿਨ੍ਹਾਂ ਫੋਕਟ-ਧਰਮੀਆਂ ਦੀ ਫੋਕਟਤਾ ਨੂੰ ਖੰਡਨ ਕਰਨ ਦੇ ਥਾਉਂ, ਉਕਤ ਪਾਖੰਡ-ਮਤਿ-ਅਵਲੰਬੀਆਂ ਦੇ ਪਾਖੰਡ ਨੂੰ ਖੰਡਨਹਾਰੇ ਉਲਟਾ ਅਨਹਦ ਸ਼ਬਦ ਨੂੰ ਖੰਡਨ ਕਰਨ ਦੇ ਵਹਿਣ ਵਿਚ ਪੈ ਜਾਂਦੇ ਹਨ। ਗੁਰਮਤਿ ਸਿਧਾਂਤ ਅਵਲੰਬੀ ਭੀ ਏਸ ਵਹਿਣ ਵਿਚ ਰੁੜ੍ਹ ਜਾਂਦੇ ਹਨ। ਖੰਡਨ ਮੰਡਨ ਦੀ ਖਲਜਗਣ ਓਹਨਾਂ ਤੋਂ ਨਿਜ ਮਤਿ, ਗੁਰਮਤਿ ਦਾ ਖੰਡਨ ਕਰਾ ਲੈਣ ਦੀ ਮਨਮਤਿ ਭੀ ਕਰਾ ਲੈਂਦੀ ਹੈ; ਐਥੋਂ ਤਾਈਂ ਕਿ ਓਹਨਾਂ ਦੀ ਅਨਹਦ ਸ਼ਬਦ ਮੰਡਨੀ ਗੁਰਮਤਿ ਸਿਧਾਂਤ ਉਤੋਂ ਸ਼ਰਧਾ ਹੀ ਰਹਿ ਖੜੋਂਦੀ ਹੈ।

ਗੁਰਮਤਿ ਤੋਂ ਘੁਥਿਆਂ ਅਨਮਤੀਆਂ ਤੋਂ ਤਾਂ ਦਸਮ ਦੁਆਰ ਦੀ ਖੇਡ ਦਾ ਪਤਾ ਲਗਣਾ ਹੀ ਅਸੰਭਵ ਹੈ। ਓਹਨਾਂ ਨੂੰ ਤਾਂ ਤੀਨ ਕਾਲ ਅਨਹਦ ਸ਼ਬਦ ਦੀ ਪ੍ਰਾਪਤੀ ਹੀ ਨਹੀਂ ਹੁੰਦੀ। ਓਹਨਾਂ ਪ੍ਰਤੀ ਤਾਂ ਠੀਕ ਇਹ ਗੁਰਵਾਕ ਘਟਦਾ ਹੈ: ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ਰਹਾਉ॥

ਆਂਟ* ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥

ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ† ਅਲੋਅ ॥੨॥ —ਧਨਾਸਰੀ ਮ: ੧, ਪੰਨਾ ੬੬੨

ਤਿਨ੍ਹਾਂ ਘੁੱਗੂ-ਮਟ-ਵਾਸੀਆਂ ਨੂੰ ਤਾਂ ਕੰਨਾਂ ਦੀ ਘੂੰ ਘੂੰ ਹੀ ਅਨਹਦ ਸ਼ਬਦ ਦੇ ਭੁਲੇਖੇ ਵਿਚ ਭੁਚਲਾਈ ਫਿਰਦੀ ਹੈ। ਉਹ ਬਪੁੜੇ ਜੀਵ ਆਪਣਾ ਲੋਕ ਪਰਲੋਕ ਵਿਗਾੜ ਲੈਂਦੇ ਹਨ। ਏਹਨਾਂ ਪਰਪੰਚੀਆਂ ਅਤੇ ਅਨਹਦ ਸ਼ਬਦ ਦੇ ਪੋਚ ਪ੍ਰਗਟਾਰੀਆਂ ਨੇ ਗੁਰਸਿਖਾਂ ਨੂੰ ਭੁਚਲਾਉਣ ਭਰਮਾਉਣ ਲਈ ਗੁਰਬਾਣੀ ਵਿਚੋਂ ਹੀ ਅਨਹਦ ਸ਼ਬਦ ਤੇ ਦਸਮ ਦੁਆਰ ਦੇ ਸ਼ਬਦ ਗੁਰਵਾਕ ਚੁਰਾ ਕੇ ਆਪਣੇ ਪਰਪੰਚ ਦਾ ਬਾਜ਼ਾਰ ਖਿਲਾਰ ਛਡਿਆ ਹੈ।

ਪਰ ਦੂਜੇ ਪਾਸੇ ਗੁਰਬਾਣੀ ਦੇ ਸਰਧਾਲੂ ਅਨੇਕਾਂ ਗੁਰਸਿਖ ਐਸੇ ਹਨ, ਜਿਨ੍ਹਾਂ ਨੇ ਇਨ੍ਹਾਂ ਪਰਪੰਚੀਆਂ ਦੀ ਪ੍ਰਮਾਣ-ਪਰਪਾਟੀ ਤੋਂ ਖੁਣਸਾਉਂਦਿਆਂ ਹੋਇਆਂ 'ਅਨਹਦ ਸ਼ਬਦ' ਪ੍ਰਥਾਇ ਪ੍ਰਮਾਣੇ ਗੁਰਮਤਿ ਪ੍ਰਮਾਣਾਂ ਦੇ ਤੱਤ-ਭਾਵ ਦੀ ਵਾਸਤਵੀ ਸਚਾਈ ਤੋਂ ਮੁਨਕਰ ਹੋਣ ਦਾ ਵਤੀਰਾ ਅਖ਼ਤਿਆਰ ਕਰ ਲਿਆ ਹੈ। ਉਹਨਾਂ ਦੀ ਬੁੱਧੀ ਅੰਦਰ ਵਿਤੰਡਾਵਾਦ ਦੀ ਖਲਜਗਣ ਤੋਂ ਉਪੰਨੀ ਭਰਮ ਅਗਿਆਨ ਦੀ ਤਿਮਰਤਾ ਛਾਈ ਹੋਈ ਹੈ। ਉਹ ਆਪਣੇ ਆਪ ਨੂੰ ਗੁਰਬਾਣੀ ਦੇ ਅਨਿੰਨ ਸ਼ਰਧਾਲੂ ਜਣਾਉਂਦੇ ਹੋਏ ਭੀ ਅਨਹਦ ਸ਼ਬਦ ਦੀ ਅਹਿਮੀਅਤ (ਅਹਿਮਤਾ ਭਰੀ ਹੋਂਦ) ਤੋਂ ਆਕੀ (agnostic) ਹਨ।

ਗੁਰਬਾਣੀ ਦੇ ਸ਼ਰਧਾਲੂ ਸਿਖ ਜਗਿਆਸੂਆਂ ਦੀ ਅਨਿੰਨ ਸ਼ਰਧਾ ਏਸੇ ਗੱਲ ਵਿਚ ਹੈ ਕਿ ਜੋ ਕੁਝ ਗੁਰਬਾਣੀ

[ਬਾਕੀ ਵੇਖੋ ਸਫ਼ਾ ੧੧ ਹੇਠ)

---

*ਅੰਗੂਠੇ ਅਤੇ ਨਾਲ ਦੀਆਂ ਦੋ ਉਂਗਲਾਂ ਨਾਲ। †ਇਹ ਅਜੀਬ ਹੀ ਪਦਮ-ਆਸਣ ਹੈ ਕਿ......।



www.AKJ.Org

# ਅਰਦਾਸ ਕੀ ਹੈ ?

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਅਰਦਾਸ ਬੋਲਾਂ ਦੀ ਨਹੀਂ, ਆਤਮਾ ਦੀ ਬਿਹਬਲਤਾ ਹੈ। ਇਸ ਦੀ ਆਵਾਜ਼ ਮਨ ਦੀਆਂ ਗਹਿਰਾਈਆਂ 'ਚੋਂ ਉਠਦੀ ਹੈ। ਆਕਾਸ਼ ਤਕ ਇਸ ਦੀ ਰਸਾਈ ਹੈ। ਜਿਹੜੀ ਪੁਕਾਰ ਕੇਵਲ ਕੰਠ ਵਿਚੋਂ ਉਠੇ, ਉਹ ਤਾਂ ਛਤ ਤੀਕਰ ਵੀ ਨਹੀਂ ਅਪੜ ਸਕਦੀ; ਆਕਾਸ਼ ਤੀਕਰ ਤਾਂ ਆਤਮਾ ਦੀ ਬਿਹਬਲਤਾ ਹੀ ਪਹੁੰਚਦੀ ਹੈ। ਅਰਦਾਸ ਸ਼ਬਦਾਂ ਦਾ ਚਮਤਕਾਰ ਨਹੀਂ। ਗੱਲਾਂ ਨਾਲ ਤਾਂ ਖ਼ਸਮ ਰੀਝਦਾ ਨਹੀਂ। ਅਰਦਾਸ ਤਾਂ ਰੂਹ ਦਾ ਗੀਤ ਹੈ, ਜੋ ਗੀਤ ਵਾਂਗ ਹੀ ਸ਼ਬਦਾਂ ਦੀ ਮੁਥਾਜੀ ਤੋਂ ਮੁਕਤ ਹੈ। ਇਹ ਤਾਂ ਧੁਰ ਅੰਦਰੋਂ ਉਠੀ ਦੁਹਾਈ ਹੈ, ਜੋ ਬਿਰਹੇ ਵਾਂਗ ਜਾਗਦੀ ਤੇ ਦਾਤਾਰ ਮਾਲਕ ਦੀਆਂ ਮੇਹਰ-ਆਂਦਰਾਂ ਨੂੰ ਧੂਹ ਜਾ ਪਾਂਦੀ ਹੈ। ਇਹ ਕਾਇਆਂ ਦੀ ਡੰਡੌਤ ਨਹੀਂ, ਆਤਮਾ ਦਾ ਸਿਜਦਾ ਹੈ। ਜੁੜੇ ਹੱਥ ਅਤੇ ਝੁਕਿਆ ਸੀਸ ਤਾਂ ਅੰਦਰਲੇ ਸਮਰਪਨ ਦੇ ਬਾਹਰੀ ਚਿੰਨ੍ਹ ਹਨ। ਜੇਕਰ ਅਸਾਂ ਰਿਦਾ ਨਹੀਂ ਅਰਪਿਆ, ਤਾਂ ਸੀਸ ਨਿਵਾਉਣ ਦੇ ਕੋਈ ਅਰਥ ਨਹੀਂ।[1]

ਦੀਰਘ ਦ੍ਰਿਸ਼ਟੀ ਨਾਲ ਵੇਖੀਏ ਤਾਂ ਮਨੁੱਖ ਦਾ ਇਤਿਹਾਸ ਸੁਧਾ ਅਰਦਾਸ ਦਾ ਇਤਿਹਾਸ ਬਣ ਨਿਤਰਦਾ ਹੈ। ਜੋ ਇਤਿਹਾਸ ਆਮ ਪੜ੍ਹਾਇਆ ਜਾਂਦਾ ਹੈ ਉਹ ਤਾਂ ਬੱਸ ਰਾਜਿਆਂ-ਮਹਾਰਾਜਿਆਂ, ਹਾਕਮਾਂ-ਹੁਕਮਰਾਨਾਂ, ਜਾਬਰਾਂ-ਜਰਵਾਣਿਆਂ, ਧਾੜਵੀਆਂ-ਹਮਲਾਵਰਾਂ, ਵਿਦ੍ਰੋਹੀਆਂ-ਗ਼ੱਦਾਰਾਂ ਦੀਆਂ ਦਾਸਤਾਨਾਂ ਹੀ ਦਸਦਾ ਹੈ। ਉਹਨਾਂ ਅਨਗਿਣਤ ਲੋਕਾਂ ਬਾਰੇ ਕੱਖ ਨਹੀਂ ਦੱਸਦਾ ਜੋ ਇਹਨਾਂ ਸਭਨਾਂ ਦੇ ਜਬਰ ਦਾ ਸ਼ਿਕਾਰ ਬਣੇ। ਕੀਰਨੇ ਪਾਂਦੀ ਦੁਖੀ ਲੋਕਾਈ ਬਾਰੇ ਇਹ ਇਕ ਅੱਖਰ ਨਹੀਂ ਬੋਲਦਾ। ਇਤਿਹਾਸ ਦੀ ਇਸ ਨਿਰਦਈ ਖ਼ਾਮੋਸ਼ੀ ਦੇ ਬਾਵਜੂਦ ਅਸੀਂ ਨਿਰਸੰਦੇਹ ਆਖ ਸਕਦੇ ਹਾਂ ਕਿ ਸੋਗਵਾਨ ਹਿਰਦੇ ਅਵੱਸ਼ ਕਿਸੇ ਰੱਬ ਅੱਗੇ ਚਿਚਲਾਏ ਹੋਣਗੇ। ਉਸ ਦੇ ਨਾਮ ਦੇ ਉਹਨਾਂ ਕੀਰਨੇ ਪਾਏ ਹੋਣਗੇ। ਸਹਾਇਤਾ ਲਈ ਪੁਕਾਰ ਕੀਤੀ ਹੋਵੇਗੀ। ਉਹਨਾਂ ਦੇ ਆਤਰ ਬੋਲ ਅਰਦਾਸ ਹੀ ਤਾਂ ਸਨ। ਇੰਞ ਵੇਖੀਏ ਤਾਂ ਮਨੁੱਖੀ ਇਤਿਹਾਸ ਸਾਂਗੋ ਪਾਂਗ ਅਰਦਾਸ ਦਾ ਇਤਿਹਾਸ ਹੋ ਦਿਸਦਾ ਹੈ। ਅਰਦਾਸ ਵਿਚ ਜੁੜਿਆ ਮਨ, ਇਸੇ ਲਈ, ਇਕੱਲਾ ਨਹੀਂ ਹੋਂਦਾ। ਉਹ ਤਾਂ ਮਾਨਵ-ਪੀੜਾ ਦੇ ਸਮੁੱਚੇ ਇਤਿਹਾਸ ਨਾਲ ਜੁੜਿਆ ਹੋਂਦਾ ਹੈ। ਅਰਦਾਸ ਦੀ ਗੋਦੀ ਵਿਚ ਤਾਂ ਸਮੱਸਤ ਦੁਖੀ ਮਨੁੱਖਤਾ ਦੀ ਭਾਵੁਕ ਇਕਮੁੱਠਤਾ ਦਿਸ ਆਉਂਦੀ ਹੈ।

ਅਸੀਂ ਸਾਰੇ ਦੁਖਾਂ-ਦਰਦਾਂ ਮਾਰੇ ਹਾਂ। ਲਾਚਾਰੀਆਂ ਸਾਡੀਆਂ ਵਡੀਆਂ ਹਨ, ਬਲ ਸਾਡਾ ਨਿਗੂਣਾ। ਹੋਂਦ ਸਾਡੀ ਅਵਿਰਲ ਤਰੁਟੀਆਂ ਦੀ ਵਿਥਿਆ ਹੈ। ਹਰ ਪਲ ਅਸੀਂ ਕਿਸੇ ਬਲਵਾਨ ਆਸਰੇ ਦੇ ਮੁਤਲਾਸ਼ੀ ਹਾਂ। ਲਾਚਾਰਗੀ ਦੀ ਭੋਇੰ ਤੋਂ ਜਦ ਵੀ ਅਸੀਂ ਕਿਸੇ ਕਲਾਵਾਨ ਆਸਰੇ ਨੂੰ ਹਾਕ ਮਾਰਦੇ ਹਾਂ ਤਾਂ ਅਰਦਾਸ ਕਰ ਰਹੇ ਹੁੰਦੇ ਹਾਂ। ਅਰਦਾਸ ਤਾਂ ਹੈ ਹੀ ਪਰਮ ਸੱਤਾ ਨੂੰ ਆਪਣੀਆਂ ਲੋੜਾਂ-ਥੋੜਾਂ ਵਿਚ ਪ੍ਰਵੇਸ਼ ਕਰਨ ਦਾ ਸੱਦਾ ਦੇਣਾ। ਜਿਸ ਨੇ ਆਪ ਸਾਨੂੰ ਘੜਿਆ ਹੈ, ਸਾਡੀ ਨਿਰਬਲਤਾ ਦਾ ਉਸ ਤੋਂ ਵੱਧ ਕੌਣ ਜਾਣੂ ਹੈ? ਤਦੇ ਤਾਂ ਸਾਡੀ ਬੇਵੱਸ ਮਿੱਟੀ ਨੂੰ ਉਸ ਨੇ ਪੁਕਾਰ ਕਰਨ ਦਾ ਉਚੇਚਾ ਹੱਕ ਦੇ ਰਖਿਆ ਹੈ। ਉਸ ਨੂੰ ਪੁਕਾਰਨ ਦੇ ਇਸ ਹੱਕ ਦਾ ਨਾਮ ਹੀ ਅਰਦਾਸ ਹੈ। ਜਦ ਵੀ ਕੋਈ ਵਿਆਕੁਲ ਆਤਮਾ, "ਹੇ ਮੇਰੇ ਪਿਤਾ!" ਦੀ ਪੁਕਾਰ ਕਰਦੀ ਹੈ, "ਹਾਂ ਮੇਰੇ ਬੱਚੇ!" ਦਾ ਪਿਆਰ-ਹੁੰਗਾਰਾ ਉਸ ਨੂੰ ਅਵੱਸ਼ ਪ੍ਰਾਪਤ ਹੁੰਦਾ ਹੈ।

ਕੁਝ ਵਿਦਵਾਨਾਂ ਅਨੁਸਾਰ 'ਅਰਦਾਸ' ਸ਼ਬਦ ਫ਼ਾਰਸੀ ਦੇ 'ਅਰਜ਼ਦਾਸ਼ਤ' ਦਾ ਸੰਖੇਪਿਆ ਰੂਪ ਹੈ[2]। 'ਅਰਜ਼'

1. ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ? —ਵਾਰ ਆਸਾ, ਸਲੋਕੁ ਮ: ੧ (੪੭੦/੧੫)
2. ਗੰਡਾ ਸਿੰਘ : ਦੀ ਸਿਖਸ ਐਂਡ ਸਿਖਿਜ਼ਮ। ਪਟਿਆਲਾ : ਦੀ ਹਿਸਟਰੀ ਸੋਸਾਇਟੀ, ੧੯੫੯ (ਅੰਗਰੇਜ਼ੀ); ਡਾ. ਪਿਆਰ ਸਿੰਘ : ਅਰਦਾਸ ਭਾਵਨਾ ਤੇ ਵਿਹਾਰ। 'ਨਾਨਕ ਪ੍ਰਕਾਸ਼ ਪਤ੍ਰਿਕਾ' ੨੨ (੧) : ੧੦੬, ਜੂਨ ੧੯੮੭; 'ਸ੍ਰੀ ਗੁਰੂ ਗ੍ਰੰਥ ਕੋਸ਼', ਅੰਮ੍ਰਿਤਸਰ। ਖਾਲਸਾ ਟ੍ਰੈਕਟ ਸੋਸਾਇਟੀ ੧੯੨੭.



www.AKJ.Org

ਦੇ ਅਰਥ ਹਨ ਬੇਨਤੀ; ਦਾਸ਼ਤ (ਨ) ਦੇ ਅਰਥ ਹਨ ਰਖਣਾ ਯਾ ਪੇਸ਼ ਕਰਨਾ। ਇਉਂ ਅਰਜ਼ਦਾਸ਼ਤ (ਅਥਵਾ ਅਰਦਾਸ[1]) ਦਾ ਅਰਥ ਹੋਇਆ ਕਿਸੇ ਅੱਗੇ ਆਪਣੀ ਬੇਨਤੀ ਰਖਣੀ। ਹੋਰ ਕੁਝ ਵਿਦਵਾਨਾਂ ਨੇ ਇਸ ਸ਼ਬਦ ਨੂੰ ਫ਼ਾਰਸੀ ਦੀ ਬਜਾਏ ਸੰਸਕ੍ਰਿਤ ਵਿਚੋਂ ਆਇਆ ਮੰਨਿਆ ਹੈ।[2] ਉਨ੍ਹਾਂ ਦੇ ਮਤ ਅਨੁਸਾਰ ਇਹ 'ਅਰਦੰ' ( = ਮੰਗਣਾ) ਤੇ 'ਆਸ' ( = ਮੁਰਾਦ) ਦੀ ਸੰਧੀ ਤੋਂ ਬਣਿਆ ਹੈ, ਤੇ ਇਸ ਦਾ ਅਰਥ ਹੈ ਮੁਰਾਦ ਮੰਗਣ ਦੀ ਕਿਰਿਆ।

ਇਹ ਸ਼ਬਦ ਭਾਵੇਂ ਫ਼ਾਰਸੀ 'ਚੋਂ ਆਇਆ ਹੈ, ਭਾਵੇਂ ਸੰਸਕ੍ਰਿਤ ਵਿਚੋਂ, ਗੁਰਮਤਿ ਵਿਚ ਇਸ ਨੇ ਉਚੇਚੇ ਅਰਥ ਧਾਰਨ ਕਰ ਲਏ ਹਨ। ਸਿਖ ਇਸਤਲਾਹ ਵਿਚ 'ਅਰਦਾਸ' ਪੰਥ ਦੀ ਸਮੂਹਕ ਚੇਤਨਾ ਵਿਚੋਂ ਉਪਜਿਆ ਉਹ ਵਿਸ਼ੇਸ਼ ਬੇਨਤੀ-ਨਾਮਾ ਹੈ ਜਿਸ ਰਾਹੀਂ ਪੰਥ ਦੀਆਂ ਸਾਮੂਹਕ ਆਕਾਂਖਿਆਵਾਂ ਤੇ ਉਸ ਦੇ ਜੀਆਂ ਦੀਆਂ ਵਿਅਕਤੀਗਤ ਜੋਦੜੀਆਂ ਨੂੰ ਦਾਤਾਰ ਵਾਹਿਗੁਰੂ ਅੱਗੇ ਪੇਸ਼ ਕਰ ਕੇ ਉਸ ਦੇ ਭਾਣੇ ਵਿਚ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ।

ਕੁਝ ਵਿਦਵਾਨਾਂ ਨੇ ਅਰਦਾਸ ਦਾ ਅੱਖਰਗਤ ਵਿਵੇਚਨ ਵੀ ਕੀਤਾ ਹੈ।[3] ਉਹ ਇਸ ਪ੍ਰਕਾਰ ਹੈ :—

**ਅ = ਅੰਤਰਜਾਮੀ** ਜੋ ਸਾਡੇ ਅੰਦਰ ਬੈਠਾ ਘਟ ਘਟ ਦੀਆਂ ਜਾਣਦਾ ਹੈ।[4]

**ਰ = ਰਾਖਾ** ਜਾਂ ਰਖਵਾਲਾ।[5] **ਦਾ = ਦਾਤਾਰ**।[6] **ਸ = ਸਹਾਰਾ**, ਆਸਰਾ ਜਾਂ ਓਟ।[7]

ਇਸ ਵਿਵੇਚਨ ਅਨੁਸਾਰ 'ਅਰਦਾਸ' ਉਸ 'ਅੰਤਰਜਾਮੀ', ਸਰਬੱਤ ਦੇ 'ਰਖਵਾਲੇ' 'ਦਾਤਾਰ' ਪ੍ਰਭੂ ਦਾ 'ਸਹਾਰਾ' ਭਾਲਣ ਦੀ ਪ੍ਰਕਿਰਿਆ ਹੈ।

ਅਰਦਾਸ ਭਾਵਨਾ ਭਰੀ ਅਰਾਧਨਾ ਦਾ ਮੁਖ ਸਾਧਨ ਹੈ। ਇਹੀ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਏਹੋ ਉਹ ਕੁੰਜੀ ਹੈ ਜਿਸ ਨਾਲ ਮਨ ਦਾ ਤਾਕ ਉਘੜਦਾ ਹੈ। ਜਿਸ ਦੀ ਅਰਦਾਸ ਪੁੱਗ ਜਾਂਦੀ ਹੈ ਓਹੀ ਜਾਣਦਾ ਹੈ ਕਿ ਮਨ ਦਾ ਤਾਕ ਤੇ ਦਰਗਾਹ ਦਾ ਦੁਆਰ ਦਰ-ਅਸਲ ਇਕੋ ਵਸਤ ਹਨ।

ਲੋੜਾਂ ਮਾਰੇ ਅਸੀਂ ਸਦਾ ਲੋੜਾਂ-ਥੋੜਾਂ ਦੀ ਪੂਰਤੀ ਲਈ ਅਰਦਾਸ ਕਰਦੇ ਆਏ ਹਾਂ। ਇਸ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਅਰਦਾਸ ਦਾ ਮੁਢ ਹੀ ਬਣਦੀਆਂ ਹਨ, ਉਸ ਦਾ ਓੜਕ ਨਹੀਂ ਮਿਥਦੀਆਂ। ਉੱਚੀ ਅਰਦਾਸ ਤਾਂ ਆਤਮਕ ਪਰਿਪੂਰਨਤਾ ਲਈ ਉੱਠੀ ਵਿਲਕਣੀ ਹੈ। ਐਸੀ ਅਰਦਾਸ ਸਿਦਕ ਦੀਆਂ ਬਾਹਾਂ ਅੱਡ, ਭਾਵਨਾ

---

1. ਭਾਸ਼ਾ ਵਿਗਿਆਨ ਦੇ 'ਯਤਨ-ਸੰਜਮ' ਨੇਮ ਅਨੁਸਾਰ 'ਅਰਜ਼ਦਾਸ਼ਤ' ਵਿਚਲੇ 'ਅਰਜ਼' ਵਿਚੋਂ 'ਜ਼' ਦੀ ਧੁਨੀ ਤੇ 'ਦਾਸ਼ਤ' ਵਿਚੋਂ 'ਤ' ਦੀ ਧੁਨੀ ਕਿਰ ਗਈ ਹੈ ਤੇ ਪਿੱਛੇ ਸੰਖੇਪਿਆ ਸ਼ਬਦ 'ਅਰਦਾਸ' ਰਹਿ ਗਿਆ ਹੈ। ਗੁਰਬਾਣੀ ਵਿਚ ਇਸ ਸ਼ਬਦ ਨੂੰ ਬਹੁਤਾ 'ਅਰਦਾਸਿ' ਕਰ ਕੇ ਲਿਖਿਆ ਹੈ। ਸਮਕਾਲੀ ਪੰਜਾਬੀ ਵਿਚ ਸਿਹਾਰੀ ਲੱਥ ਗਈ ਹੈ ਤੇ ਸ਼ਬਦ-ਜੋੜ ਅ-ਰ-ਦਾ-ਸ ਬਣ ਗਏ ਹਨ।
2. ਭਾਈ ਕਾਨ੍ਹ ਸਿੰਘ : ਮਹਾਨ ਕੋਸ਼। ਪਟਿਆਲਾ ਭਾਸ਼ਾ ਵਿਭਾਗ, ੧੯੬੦; ਕਪੂਰ ਸਿੰਘ, ਪ੍ਰਾਸ਼ਰਪ੍ਰਸ਼ਨਾ। ਜਲੰਧਰ : ਹਿੰਦ ਪਬਲਿਸ਼ਰਜ਼, ੧੯੫੯ (ਅੰਗ੍ਰੇਜ਼ੀ)।
3. ਡਾ: ਨਵ ਰਤਨ ਕਪੂਰ : "ਸੱਚੀ ਅਰਦਾਸ : ਇਕ ਮਨੋ-ਵਿਸ਼ਲੇਸ਼ਣ", 'ਨਾਨਕ ਪ੍ਰਕਾਸ਼ ਪਤ੍ਰਿਕਾ ੨੨ (੧) : ੬੨-੬੭ ਜੂਨ ੧੯੮੭.
4. ਯਥਾ : ਸੁਣਿ ਸੁਆਮੀ ਅਰਦਾਸਿ ਜਨ ਤੁਮ੍ ਅੰਤਰਜਾਮੀ ॥ —ਬਿਲਾਵਲੁ ਮ: ੫ (੮੧੯/੧੪)
5. ਯਥਾ : ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥
   ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥ —ਗੂਜਰੀ ਵਾਰ ਮ: ੩ (੫੧੭/੬)
6. ਯਥਾ : ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥
   ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥ —ਬਿਲਾਵਲੁ ਮ: ੫ (੮੧੮/੧੬)
7. ਯਥਾ : ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ ॥ ਕਿਆ ਦੀਨੁ ਕਰੈ ਅਰਦਾਸਿ ॥
   —ਕਾਨੜਾ ਮ: ੫ (੧੩੦੪/੯)



www.AKJ.Org

ਨਾਲ ਪ੍ਰੀਤਮ ਦੀ ਉਡੀਕ ਕਰਦੀ ਹੈ। ਅਸਲ ਅਰਦਾਸ ਤਾਂ ਆਪਣੀ ਬਿਹਬਲ ਆਤਮਾ ਨੂੰ ਵਾਹਿਗੁਰੂ ਜੀ ਅੱਗੇ ਨੰਗਿਆਂ ਕਰਨਾ ਹੈ। ਇਹ ਵਿਆਕੁਲ ਮਨਾਂ ਦੀ ਪੁਕਾਰ ਹੀ ਨਹੀਂ, ਮਾਯੂਸ ਦਿਲਾਂ ਦਾ ਸਹਾਰਾ ਵੀ ਹੈ।

ਸਭ ਤੋਂ ਅੱਵਲ, ਅਰਦਾਸ, ਆਪਣੇ ਕਰਤੇ ਦੀ ਕਿਰਤ ਹੋਣ ਦਾ ਇਕਬਾਲ ਹੈ। ਹੱਦਾਂ ਵਿਚ ਵਿਚਰਦਿਆਂ ਅਨਾਹਦ ਨਾਲ ਜੁੜਨ ਦਾ ਉਪਰਾਲਾ ਹੈ। ਦੈਵੀ ਮੇਹਰ ਕੇਵਲ ਸਾਡੀ ਪੁਕਾਰ ਦਾ ਹੁੰਗਾਰਾ ਹੀ ਨਹੀਂ ਭਰਦੀ, ਉਹ ਤਾਂ ਪਹਿਲੋਂ ਇਸ ਪੁਕਾਰ ਦੀ ਆਵਾਜ਼ ਬਣ ਕੇ ਆਉਂਦੀ ਹੈ। ਇਹ ਮਿਹਰਾਮਤ ਹੀ ਤਾਂ ਸਾਡੇ ਅੰਦਰੋਂ ਅਰਦਾਸ ਬਣ ਕੇ ਨਿਕਲਦੀ ਹੈ।

ਅਰਦਾਸ ਰੱਬ ਨਾਲ ਗੋਸ਼ਟੀ ਹੈ, ਉਸੇ ਨਾਲ ਮਸਲਤ ਹੈ। ਉਹੀ ਤਾਂ ਸਾਡਾ ਸਭੋ ਕੁਝ ਹੈ—ਮਾਤਾ-ਪਿਤਾ, ਭੈਣ-ਭਾਈ, ਪ੍ਰੇਮੀ-ਭਰਤਾ, ਨਾਇਕ-ਖਸਮ, ਸੱਜਣ-ਸੈਣ, ਸਾਕ-ਸੰਬੰਧੀ; ਕੀ ਨਹੀਂ ਉਹ ਸਾਡਾ ? ਤਦੇ ਸਾਡਾ ਹਰ ਸਲਾਹ-ਮਸ਼ਵਰਾ ਉਸੇ ਨਾਲ ਬਣਦਾ ਹੈ। ਜੋ ਸਾਡੇ ਦਿਲਾਂ ਦਾ ਜਾਣੂ ਹੈ, ਅੰਗ ਸੰਗ ਹੋ ਕੇ ਸਾਡੀ ਨਿਗਾਹਬਾਨੀ ਕਰਦਾ ਹੈ ਉਸ ਦਾ ਨਿਰਮਲ ਭਰੋਸਾ ਹੀ ਸਾਡੀ ਅਰਦਾਸ ਦਾ ਆਧਾਰ ਬਣ ਸਕਦਾ ਹੈ।

ਅਰਦਾਸ ਕੇਵਲ ਬੇਨਤੀ ਯਾ ਪ੍ਰਾਰਥਨਾ ਹੀ ਨਹੀਂ, ਇਸ ਦੇ ਕਈ ਪਾਸਾਰ ਹਨ। ਇਹ, ਮਾਲਕ ਦਾ ਸ਼ੁਕਰਾਨਾ ਥੀ ਕੇ, ਉਸ ਦੀ ਸਿਫਤ ਸਲਾਹ ਬਣ ਕੇ, ਸਦਕੇ ਦੀ ਭਾਵਨਾ ਨਾਲ ਭਰੀਜ ਕੇ, ਜਾਂ ਮਾਲਕ ਵਲ ਉਡਾਰੀ ਮਾਰਨ ਦੀ ਬਿਹਬਲਤਾ ਨਾਲ ਤੜਪ ਕੇ ਵੀ ਪ੍ਰਗਟ ਹੋ ਸਕਦੀ ਹੈ। ਪਛਤਾਵੇ ਦੇ ਹੰਝੂਆਂ ਨਾਲ ਭਿੱਜ ਕੇ, ਤੇ ਨਵੀਂ ਕਿਸੇ ਪ੍ਰਤਗਿਆ ਦਾ ਬਚਨ ਬਣ ਕੇ ਵੀ ਰੂਪਮਾਨ ਹੋ ਸਕਦੀ ਹੈ। ਬੋਲਾਂ ਨਾਲ ਇਸ ਦਾ ਵਿਚਿਤ੍ਰ ਸੰਬੰਧ ਹੈ। ਬੋਲੀ ਹੀ ਸਾਡੇ ਮਨ ਦੀ ਬਿਹਬਲਤਾ ਨੂੰ ਪ੍ਰਗਟ ਕਰਦੀ ਹੈ। ਅਰਦਾਸ ਦਾ ਵਾਹਨ ਹੀ ਨਹੀਂ, ਕਈ ਵਾਰ ਤਾਂ ਇਹ ਅਰਦਾਸ ਦਾ ਤੱਤ ਸਾਰ ਹੀ ਬਣ ਜਾਂਦੀ ਹੈ। ਜਿਨ੍ਹਾਂ ਸਿਦਕਵਾਨਾਂ ਸਿਖ ਅਰਦਾਸ ਦੇ ਬੋਲ ਸਿਰਜੇ, ਨਿਰਸੰਦੇਹ ਬੜੀ ਕਮਾਈ ਵਾਲੇ ਲੋਕ ਸਨ। ਅਰਦਾਸ ਦਾ ਇਕ ਇਕ ਵਾਕ ਉਨ੍ਹਾਂ ਜ਼ਿੰਦਗੀ ਵਿਚ ਕਮਾ ਕੇ ਸਿਰਜਿਆ ਹੈ। ਜਿਤਨਾ ਸੁਹਣਾ ਉਹਨਾਂ ਜੀਵਿਆ, ਓਡੀ ਸੁਹਿਰਦਤਾ ਨਾਲ ਛੁਲਕਦੇ ਉਹਨਾਂ ਦੇ ਵਾਕ ਹਨ। ਉਹਨਾਂ ਦੀ ਅਧਿਆਤਮਕ ਉੱਚਤਾ, ਤੇ ਸਿਦਕ ਦੀ ਪ੍ਰਪੱਕਤਾ ਅਗੇ ਹਰ ਜਿਗਿਆਸੂ ਦਾ ਸਿਰ ਆਮੁਹਾਰੇ ਝੁਕ ਜਾਂਦਾ ਹੈ। ਅਰਦਾਸ ਦੇ ਉਚੇਰੇ ਮੰਡਲਾਂ ਵਿਚ ਰੱਬ ਦੀ ਰਹਿਮਤ ਦਾ ਅਨੁਭਵ ਅਵਿਰਲ ਵਰਤਦਾ ਹੈ। ਤਦ ਮੰਗਣ ਮੁਕ ਜਾਂਦਾ ਹੈ। ਬੋਲ ਖੜੋਤ ਵਿਚ ਆ ਜਾਂਦੇ ਹਨ। ਓਦੋਂ ਅਰਦਾਸ ਕੀਤੀ ਨਹੀਂ ਜਾਂਦੀ, ਜੀਵੀ ਜਾਂਦੀ ਹੈ।

ਸਿਦਕਵਾਨ ਸਦਾ ਰਜ਼ਾ ਵਿਚ ਰਹਿ ਕੇ ਅਰਦਾਸ ਕਰਦਾ ਹੈ। ਅਰਜ਼ੋਈ ਦੀ ਪੂਰਤੀ ਨੂੰ ਮਾਲਕ ਦੀ ਦਾਤ ਮੰਨਦਾ ਹੈ, ਅਪੂਰਤੀ ਨੂੰ ਮਾਲਕ ਦੀ ਸਿਆਣਪ। ਹਰ ਹਾਲ ਆਪਣੇ ਆਪ ਨੂੰ ਮਾਲਕ ਦੀ ਨਦਰ ਦਾ ਭਾਗੀ ਜਾਣਦਾ ਹੈ। ਐਸਾ ਸਿਦਕ ਹੁੰਦਾ ਹੈ ਅਰਦਾਸ ਦੇ ਸੱਚੇ ਸਾਧਕਾਂ ਦਾ। [ਛਪ ਰਹੀ ਪੁਸਤਕ "ਅਰਦਾਸ" ਵਿਚੋਂ

---

[ਸਫ਼ਾ ੮ ਦੀ ਬਾਕੀ]

ਕਹੇ, ਤਿਸ ਨੂੰ ਸਤਿ ਸਤਿ ਕਰ ਕੇ ਮੰਨਣ ਅਤੇ ਉਸ ਦੇ ਅਨੁਸਾਰ ਤੇ ਅਨੁਕੂਲ ਹੋ ਕੇ ਕਾਰ ਕਮਾਵਣ।

ਜਿਥੇ ਜਿਥੇ ਭੀ ਗੁਰਬਾਣੀ ਅੰਦਰ ਗੰਭੀਰ ਪ੍ਰਮਾਰਥਕ ਵਿਸ਼ੇ ਪ੍ਰਥਾਇ ਅਜਿਹੇ ਗੂੜ੍ਹ ਆਸ਼ੇ ਨਿਰੂਪਣ ਹੋਏ ਹਨ, ਜਿਨ੍ਹਾਂ ਨੂੰ ਅਪੜਨ ਦੀ ਅਲਪੱਗ ਬੁੱਧੀ ਨੂੰ ਗੰਮਤਾ ਪ੍ਰਾਪਤ ਨਹੀਂ, ਉਨ੍ਹਾਂ ਦੀ ਸਚਾਈ ਤੇ ਹੋਂਦ ਤੋਂ ਮੁਨਹਰਫ ਹੋਣਾ ਉਚਿਤ ਨਹੀਂ। ਤਿਨ੍ਹਾਂ ਗਹਿਰ ਗੰਭੀਰ ਗੁਰਮਤਿ ਆਸ਼ਿਆਂ ਦੀ ਸਚਾਈ ਦਾ ਭੇਦ ਉਦੋਂ ਖੁਲ੍ਹੇਗਾ ਜਦੋਂ ਹੁਕਮਨ ਸਿਰ ਹੁਕਮ ਗੁਰਮਤਿ ਨਾਮ ਦੀ ਕਮਾਈ ਕਰਦਿਆਂ ਹੋਇਆਂ ਦਸਮ ਦੁਆਰ ਦੀ ਖੇਡ ਵਾਲੀ ਅਨਹਦ ਸ਼ਬਦ ਦੀ ਦਸ਼ਾ ਓਹਨਾਂ ਉਤੇ ਵਾਪਰੇਗੀ। ਜਿਨ੍ਹਾਂ ਉਤੇ ਵਾਪਰੀ ਹੈ, ਓਹੀ ਅਨਹਦ ਸ਼ਬਦ ਦੀ ਸਾਰ ਨੂੰ ਜਾਣਦੇ ਹਨ; ਬਿਨਾਂ ਵਾਪਰੇ ਪ੍ਰਤੀਤ ਨਹੀਂ ਉਪਜਦੀ। "ਅਨਹਦ ਸ਼ਬਦ—ਦਸਮ ਦੁਆਰ" ਪੁਸਤਕ ਵਿਚੋਂ



www.AKJ.Org

# ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਗੁਰਬਾਣੀ ਮਨੁੱਖ ਨੂੰ ਪ੍ਰਭੂ ਦੇ ਅੰਮ੍ਰਿਤ-ਨਾਮ ਵਿਚੋਂ ਰਸ ਪੀਣ ਅਥਵਾ ਨਾਮ-ਰਸ ਨੂੰ ਭੁੰਚਣ ਦੀ ਜਾਚ ਸਿਖਾਉਂਦੀ ਹੈ। ਨਾਮ ਦਾ ਰਸ ਹੁੰਦਾ ਹੈ। ਰਸ ਵਿਚ ਅੰਮ੍ਰਿਤ ਹੈ, ਜੋ ਹਰ ਪ੍ਰਾਣੀ ਨੂੰ ਅਮਰ ਕਰ ਦਿੰਦਾ ਹੈ।

ਅੰਮ੍ਰਿਤ ਨਾਮੁ ਪਰਮੇਸੁਰ ਤੇਰਾ, ਜੋ ਸਿਮਰੈ ਸੋ ਜੀਵੈ ॥੨॥੨੭॥ (ਸੋਰਠਿ ਮ: ੫, ੬੧੬)

ਆਤਮ-ਜਗਿਆਸਾ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਪੁਰਾਤਨ ਭਾਰਤ ਦੇ ਰਿਸ਼ੀ-ਮੁਨੀ, ਭਾਵੇਂ ਪ੍ਰਮਾਤਮਾ ਦਾ ਨਾਮ ਜਪਦੇ ਸਨ, ਪਰ ਜਦ ਕਿਸੇ ਤੇ ਕ੍ਰੋਧਵਾਨ ਹੋ ਜਾਂਦੇ ਤਾਂ ਝਟ ਸਰਾਪ ਦੇ ਦਿੰਦੇ। ਰਾਮਾਇਣ ਅਤੇ ਮਹਾਂਭਾਰਤ ਦਾ ਮਿਥਿਹਾਸ ਸਰਾਪ ਦੇਣ ਦੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਮਨ ਵਿਚ ਪ੍ਰਸ਼ਨ ਉਠਦਾ ਹੈ ਕਿ ਕੀ ਸਰਾਪ ਦੇਣ ਵਾਲੇ ਮਹਾਨ ਤਪੱਸਵੀਆਂ ਦੇ ਹਿਰਦੇ ਵਿਚ ਪਰਮੇਸਰ ਦੇ ਅੰਮ੍ਰਿਤ-ਨਾਮ ਦਾ ਰਸ ਅਜੇ ਰਚਿਆ ਨਹੀਂ ਸੀ ? ਉਤਰ ਬੜਾ ਸਪੱਸ਼ਟ ਹੈ, ਅਜੇ ਨਹੀਂ ਸੀ ਰਚਿਆ। ਬ੍ਰਹਮਾ, ਵਿਸ਼ਨੂ ਅਤੇ ਸ਼ਿਵਜੀ ਭੀ ਸਰਾਪ ਦਿੰਦੇ ਰਹੇ ਹਨ। ਸਰਾਪ ਨਿਕਲਦਾ ਹੀ ਰੋਸ ਤੋਂ ਹੈ।

ਫਿਰ ਸਤਿਗੁਰਾਂ ਦੇ ਸਮਕਾਲੀ ਸਿੱਧਾਂ ਨੂੰ ਦੇਖਿਆ ਜਾਏ। ਸਿੱਧਾਂ ਨੂੰ ਪਰਮੇਸ਼ਰ ਦੇ ਨਾਮ-ਰਸ ਦੀ ਸੋਝੀ ਹੀ ਹੀ ਨਹੀਂ ਸੀ। ਜੋਗ ਦਾ ਮਾਰਗ ਤਾਂ ਰਸ ਲੈਣ ਦੀ ਥਾਂ ਧਿਆਨ ਨੂੰ (ਮਨ ਨੂੰ) ਟਿਕਾਉਣਾ ਹੈ। ਸਿੱਧ ਕਰਾਮਾਤਾਂ ਵਿਖਾ ਵਿਖਾ ਕੇ ਲੋਕਾਂ ਨੂੰ ਭੈ-ਭੀਤ ਕਰਦੇ ਰਹੇ ਹਨ। ਗੁੱਸਾ ਉਹਨਾਂ ਵਿਚ ਭੀ ਅੰਤਾਂ ਦਾ ਹੁੰਦਾ ਸੀ। ਝਟ ਸਰਾਪ ਦੇ ਦਿੰਦੇ ਸਨ। ਲੋਕਾਂ ਉਹਨਾਂ ਤੋਂ ਡਰਦੇ ਸਨ। ਹੁਣ ਭੀ ਬਹੁਤੇ ਲੋਕੀ ਅਖੌਤੀ ਸੰਤਾਂ ਦੇ ਸਰਾਪ ਤੋਂ ਡਰਦੇ ਹਨ।

ਇਸੇ ਤਰ੍ਹਾਂ ਸਾਹਿਬਾਂ ਦੇ ਸਮਕਾਲੀ ਪੀਰ ਫ਼ਕੀਰ, ਜਾਂ ਉਹਨਾਂ ਦੇ ਚੇਲੇ, ਇਕ ਅੱਲਾਹ ਦੀ ਇਬਾਦਤ ਤਾਂ ਕਰਦੇ ਸਨ, ਪਰ ਕ੍ਰੋਧ ਉਹਨਾਂ ਵਿਚ ਭੀ ਕਿਸੇ ਨਾਲੋਂ ਘਟ ਨਹੀਂ ਸੀ। ਮਿਸਾਲ ਵਜੋਂ, ਸਿਆਲਕੋਟ ਦਾ ਹਮਜ਼ਾ ਗੌਸ, ਪਰਮੇਸ਼ਰ ਦੀ ਯਾਦ ਵਿਚ ਚਾਲੀ ਦਿਨ ਦਾ ਚਲੀਹਾ ਕੱਟ ਕੇ ਸਿਆਲਕੋਟ ਸ਼ਹਿਰ ਨੂੰ ਗਰਕ ਕਰਨਾ ਧਾਰੀ ਬੈਠਾ ਸੀ। ਫਿਰ ਹਸਨ ਅਬਦਾਲ (ਪੰਜਾ ਸਾਹਿਬ) ਦੀ ਛੋਟੀ ਜਿਹੀ ਪਹਾੜੀ ਤੇ ਬੈਠਾ ਵਲੀ ਕੰਧਾਰੀ ਰੱਬ ਦੀ ਇਬਾਦਤ ਤਾਂ ਭਾਵੇਂ ਕਰਦਾ ਸੀ, ਪਰ ਕ੍ਰੋਧ ਅਤੇ ਤਅਸੁਬ (ਮਜ਼ਹਬੀ ਵਿਤਕਰਾ) ਉਸ ਵਿਚ ਭੀ ਅੰਤਾਂ ਦਾ ਸੀ। ਕਿਸੇ ਆਮ ਸਾਧਾਰਨ ਮਨੁਖ ਨੂੰ ਤਾਂ ਉਹ ਆਪਣੇ ਰੋਸ ਦਾ ਸ਼ਿਕਾਰ ਬਣਾ ਸਕਦਾ ਸੀ, ਪਰ ਉਸ ਤੋਂ ਇਸ ਗੁਸੇ ਵਿਚ ਸਭ ਤੋਂ ਵੱਡੀ ਭੁਲ ਇਹ ਹੋਈ ਕਿ ਉਸ ਨੇ ਆਤਮਕ ਮੰਡਲਾਂ ਦੇ ਚਮਕਦੇ ਸੂਰਜ ਨੂੰ ਭੀ ਨਹੀਂ ਪਛਾਣਿਆ ਤੇ ਉਸ ਵਲ ਪਹਾੜ ਦੇ ਇਕ ਵਡੇ ਪੱਥਰ ਨਾਲ ਘਾਤਕ ਵਾਰ ਕਰ ਦਿਤਾ। ਇਹ ਰੋਸ ਦੀ ਇਕ ਸਿਖਰ ਹੈ। ਇਸ ਵਿਚ ਰਸ ਕਿਥੇ ਹੈ ? ਅਹੰਕਾਰ ਹੈ, ਅਤਿ ਦਾ ਕ੍ਰੋਧ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰ-ਫੇਰੀ ਦੇ ਦੌਰਾਨ ਇਹ ਵੇਖ ਲਿਆ ਸੀ ਕਿ ਪਰਮੇਸ਼ਰ ਨੂੰ ਮੰਨਣ ਵਾਲੇ ਬਹੁਤੇ ਸਾਧ ਉਸ ਦੇ ਨਾਮ ਦਾ ਰਸ ਪੀਣ ਦੀ ਬਜਾਏ ਰੋਸ ਵਿਚ ਵਿਚਰਦੇ ਹਨ। ਰੋਸ ਵਿਚ ਓਹੀ ਵਿਚਰਦਾ ਹੈ ਜੋ ਅਜੇ ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ਦੇ ਵਸ ਵਿਚ ਹੁੰਦਾ ਹੈ। ਇਸ ਲਈ ਪਾਤਸ਼ਾਹ ਆਪਣੇ ਸਿੱਖਾਂ ਸੇਵਕਾਂ ਲਈ ਇਕ ਸੁਨਹਿਰੀ ਮੀਲ-ਪੱਥਰ ਉਸਾਰ ਗਏ ਹਨ ਕਿ ਪਰਮੇਸ਼ਰ ਦਾ ਨਾਮ ਅੰਮ੍ਰਿਤ ਹੈ ਅਤੇ ਅੰਮ੍ਰਿਤ ਪੀਣ ਵਾਲੇ ਨੂੰ ਕ੍ਰੋਧ ਕਰਨਾ, ਰੋਸ ਵਿਚ ਜੀਵਨ ਹੰਢਾਉਣਾ ਸੋਭਦਾ ਨਹੀਂ। ਰਾਮਕਲੀ ਦਖਣੀ ਓਅੰਕਾਰੁ ਵਿਚ ਆਪ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਹੁਕਮ ਕੀਤਾ ਹੈ—

ਰੋਸੁ ਨ ਕੀਜੈ, ਅੰਮ੍ਰਿਤੁ ਪੀਜੈ, ਰਹਣੁ ਨਹੀ ਸੰਸਾਰੇ ॥ [ਮ: ੧, ਪੰਨਾ ੯੩੧



www.AKJ.Org

# ਕਾਹੇ ਜਗਿ ਆਏ ਰਾਮ ਰਾਜੇ (੩)

[ਸੂਬੇਦਾਰ ਧਰਮ ਸਿੰਘ ਜੀ, ਪਿੰਡ ਸੂਜੋਂ ਜ਼ਿਲਾ ਜਲੰਧਰ]

(ਲੜੀ ਜੋੜਨ ਲਈ ਵੇਖੋ 'ਸੂਰਾ' ਫ਼ਰਵਰੀ ੧੯੮੯)

ਪਿਛੇ ਅਸੀਂ ਪੜ੍ਹ ਆਏ ਹਾਂ ਕਿ ਮਨ ਨੂੰ ਇਹ ਸੋਚਣ ਲਈ ਆਖਿਆ ਜਾਂਦਾ ਹੈ ਕਿ ਸੰਸਾਰ ਇਕ ਬ੍ਰਹਮ ਤੋਂ ਉਤਪੰਨ ਹੋਇਆ ਹੈ ਤੇ ਬ੍ਰਹਮ ਦਾ ਹੀ ਰੂਪ ਹੈ–ਤੇ ਮੈਂ ਹੀ ਬ੍ਰਹਮ ਹਾਂ। ਦੂਸਰੀ ਪਰਨਾਲੀ ਯੋਗ ਦੀ ਇਕ-ਟਕ ਸਮਾਧੀ (ਲਿਵਤਾਰ) ਦੀ ਵਿਧੀ। ਇਹ ਦੋਨੋਂ ਪਰਨਾਲੀਆਂ ਹੀ ਸਾਨੂੰ ਅਕਾਲ ਪੁਰਖ ਦਾ ਮਿਲਾਪ ਨਾ ਕਰਾ ਸਕੀਆਂ।

## ਭੁੱਖ:–

ਤੀਸਰੀ ਪਰਨਾਲੀ ਇਹ ਪ੍ਰਚਲਤ ਸੀ ਕਿ ਸਰੀਰ ਨੂੰ ਕਸ਼ਟ ਦੇ ਕੇ ਮਨ ਨੂੰ ਕਾਬੂ ਕਰਨਾ ਅਤੀ ਕਠਨ ਹੈ। ਬੇਹਤਰ ਇਹ ਹੈ ਕਿ ਮਨ ਦੀਆਂ ਵਾਗਾਂ ਖੁਲ੍ਹੀਆਂ ਛਡ ਦਿਤੀਆਂ ਜਾਣ। ਮਨ ਜੋ ਕੁਝ ਵੀ ਮੰਗਦਾ ਹੈ, ਜਿਥੋਂ ਕਿਥੋਂ ਲਿਆ ਕੇ ਇਸ ਦੇ ਅਗੇ ਰਖਿਆ ਜਾਵੇ। ਇਸ ਤਰ੍ਹਾਂ ਆਪਣੀ "ਭੁੱਖ" ਦੀ ਤ੍ਰਿਪਤੀ ਕਰ ਕੇ ਇਹ ਆਪੇ ਹੀ ਸਥਿਰ ਹੋ ਜਾਵੇਗਾ। ਇਸ ਪਰਨਾਲੀ ਨੇ ਵਾਮ ਮਾਰਗ, ਚਾਰ ਵਾਕ ਤੇ ਅੱਜ ਕਲ੍ਹ ਨਿਰੰਕਾਰੀ ਮੱਤਾਂ ਆਦਿ ਨੂੰ ਜਨਮ ਦਿੱਤਾ। ਇਹ ਲੋਗ ਮਨ ਨੂੰ ਕਾਬੂ ਕਰਨ ਦੀ ਬਜਾਏ ਇਸ ਦੀ ਤ੍ਰਿਪਤੀ ਦੇ ਸਾਧਨ ਜੁਟਾਉਂਦੇ ਹਨ। ਜਿਤਨੀ ਤ੍ਰਿਪਤੀ ਕਰਾਉਣ ਦੀ ਕੋਸ਼ਸ਼ ਕਰਦੇ ਹਨ ਉਤਨੀ ਹੀ ਮਨ ਦੀ ਭੁੱਖ ਹੋਰ ਵਧਦੀ ਹੈ। ਅੱਗ ਬਾਲਣ ਚਾਹੁੰਦੀ ਹੈ। ਅੱਗ ਤੇ ਭਾਵੇਂ ਲਖਾਂ ਮਣ ਬਾਲਣ ਪਾ ਦਿਉ, ਇਸ ਦੀ ਤ੍ਰਿਪਤੀ ਨਹੀਂ ਹੁੰਦੀ। ਇਹੀ ਹਾਲ ਮਨ ਦਾ ਹੈ–

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥

ਵਾਲੀ ਗੱਲ ਹੈ। ਸੁਖਮਨੀ ਸਾਹਿਬ, ਪੰਨਾ ੨੭੮-੭੯

ਅਸੀਂ ਆਪਣੇ ਕਿਸੀ ਸ਼ੁਭ ਦਿਹਾੜੇ ਨੂੰ ਮਨਾਉਣ ਲਈ ਕੱਠੇ ਹੋ ਕੇ ਬਾਣੀ ਦਾ ਪਾਠ ਜਾਂ ਕੀਰਤਨ ਕਰਦੇ ਹਾਂ। ਵਾਮ ਮਾਰਗੀਏ ਭੀ ਆਪਣੇ ਸ਼ੁਭ ਦਿਹਾੜਿਆਂ ਤੇ 'ਕੱਠੇ ਹੁੰਦੇ ਹਨ, ਪਰ ਕਰਦੇ ਕਿਆ ਹਨ ? ਮੀਟ ਸ਼ਰਾਬ ਦੀ ਖੁਲ੍ਹੀ ਵਰਤੋਂ ਕੀਤੀ ਜਾਂਦੀ ਹੈ। ਪਿਛੋਂ ਮਰਦ ਤੇ ਇਸਤ੍ਰੀਆਂ ਇਕੱਠੇ ਹੋ ਕੇ ਨਚਦੇ ਹਨ। ਇਸ ਨਾਚ ਦੇ ਸਮੇਂ ਜਿਸ ਕਿਸੀ ਪੁਰਸ਼ ਦਾ ਦਿਲ ਜਿਸ ਕਿਸੀ ਇਸਤ੍ਰੀ ਨਾਲ ਮਿਲ ਜਾਂਦਾ ਹੈ–ਵਖ ਹੋ ਇਕ ਪਾਸੇ ਚਲੇ ਜਾਂਦੇ ਹਨ ਤੇ... ... ...ਇਸੀ ਤਰ੍ਹਾਂ ਜਾਂ ਮਿਲਦਾ ਜੁਲਦਾ ਹਾਲ ਦੂਸਰਿਆਂ ਦਾ ਭੀ ਸਮਝੋ। ਜਗਨ ਨਾਥ ਪੁਰੀ ਦਾ ਮੰਦਰ ਇਸ ਫ਼ਾਹਸ਼ਪੁਣੇ ਦੀ ਮੂਹ ਬੋਲਦੀ ਤਸਵੀਰ ਅਜ ਭੀ ਮੌਜੂਦ ਹੈ, ਜਿਥੇ ਇਸਤ੍ਰੀ ਪੁਰਸ਼ ਦੇ ਨੰਗੇਜ ਦੇ ਤੇ ਵੱਖ ਵੱਖ ਆਸਣਾਂ ਵਿਚ, ਪੱਥਰਾਂ ਦੇ ਅਨੇਕਾਂ ਬੁੱਤ ਲਗੇ ਹੋਏ ਹਨ, ਜਿਸ ਨੂੰ ਆਮ ਸ਼ਰੀਫ਼ ਆਦਮੀ ਦੇਖ ਕੇ ਸ਼ਰਮ ਨਾਲ ਡੁਬ ਮਰਨ ਲਈ ਥਾਂ ਟੋਲਦਾ ਹੈ। ਸੋ ਇਹ ਹਾਲ ਹੈ ਮਨ ਦੀ ਭੁੱਖ ਦੂਰ ਕਰਨ ਵਾਲੇ ਮੱਤਾਂ ਦਾ ਤੇ ਉਨ੍ਹਾਂ ਦੇ ਪਰਮ ਸੁਖ ਦਾ।

ਜਦੋਂ ਇਹ ਉਪਰ ਲਿਖੀਆਂ ਪਰਨਾਲੀਆਂ ਇਨਸਾਨ ਨੂੰ ਸ਼ਾਂਤ ਕਰਨ ਜਾਂ ਸੁਖ ਦੇਣ ਵਿਚ ਅਸੱਫਲ ਰਹੀਆਂ ਤਾਂ ਇਨਸਾਨ ਰੱਬ ਦੀ ਹਸਤੀ ਤੋਂ ਮੁਨਕਰ ਹੋ ਕੇ ਰੱਬ ਤੋਂ ਦੂਰ ਹੋਣਾ ਸ਼ੁਰੂ ਹੋ ਗਿਆ। ਉਸ ਨੇ ਸੁਖ ਦੀ ਪ੍ਰਾਪਤੀ ਲਈ ਆਪਣੀ ਅਕਲ ਜਾਂ ਸਿਆਣਪ ਤੋਂ ਕੰਮ ਲੈਣਾ ਸ਼ੁਰੂ ਕੀਤਾ। ਇਸ ਸਿਆਣਪ ਨੇ ਵਿਗਿਆਨ ਨੂੰ ਜਨਮ ਦਿੱਤਾ। ਇਨਸਾਨ ਨੇ ਪ੍ਰਕਿਰਤੀ ਦੀ ਖੋਜ ਵਿਚ ਪੈ ਕੇ ਅਨੇਕ ਨਵੀਆਂ ਕਾਢਾਂ ਕਢੀਆਂ, ਤੇ, ਸੁਖ ਦੇ ਨਵੇਂ ਨਵੇਂ ਸਾਧਨ ਬਣਾਏ। ਰੱਬ ਦੀ ਹਸਤੀ ਤੋਂ ਮੁਨਕਰ ਹੋ, ਨਵੀਆਂ ਖੋਜਾਂ ਦੀ ਰੁਚੀ ਨੇ ਮੌਜੂਦਾ ਕਮਿਊਨਿਸਟ ਲਹਿਰ ਨੂੰ ਜਨਮ ਦਿਤਾ। ਉਨ੍ਹਾਂ ਦਾ ਵਿਚਾਰ ਹੈ ਕਿ ਇਕ ਅਣਡਿਠੀ ਹਸਤੀ–ਰੱਬ–ਦੇ ਮਗਰ ਲਗ ਕੇ ਜੀਵਨ



www.AKJ.Org

ਗਾਲਣ ਨਾਲੋਂ ਆਪਣੀ "**ਸਿਆਣਪ**" ਦੀ ਵਰਤੋਂ ਕਰ ਕੇ "ਪਰਮ-ਸੁਖ" ਕਿਉਂ ਨਾ ਪ੍ਰਾਪਤ ਕੀਤਾ ਜਾਏ। 'ਇਹ ਜਗ ਮਿੱਠਾ ਅਗਲਾ ਕਿਨ ਡਿਠਾ।'

ਕੀ ਇਸ ਸਿਆਣਪ ਦੀ ਜਾਂ ਵਿਗਿਆਨ ਦੀ ਵਿਚਾਰਧਾਰਾ ਨੇ ਸੰਸਾਰ ਨੂੰ ਸੁਖ ਤੇ ਸ਼ਾਂਤੀ ਬਖ਼ਸ਼ੀ ? ਇਸ ਵਕਤ ਅਮਰੀਕਾ ਤੇ ਰੂਸ ਸਿਆਣਪ ਵਿਚ ਸਭ ਤੋਂ ਅਗੇ ਹਨ। ਸਾਡੇ ਨਾਲੋਂ ਸੁਖ ਦੇ ਸਾਧਨ ਭੀ ਉਨ੍ਹਾਂ ਕੋਲ ਜ਼ਿਆਦਾ ਹਨ। ਇਤਨਾ ਕੁਝ ਹੁੰਦੇ ਹੋਏ ਉਨ੍ਹਾਂ ਦੇ ਮਨ ਸ਼ਾਂਤ ਨਹੀਂ। ਜੰਗ ਦੇ ਭੂਤ ਤੋਂ ਦੋਨੋਂ ਹੀ ਭੈ-ਭੀਤ ਹਨ। ਆਪਣੀ ਆਪਣੀ ਫੌਜੀ ਤਾਕਤ ਵਧਾਉਣ ਦੀ ਹਰ ਵੇਲੇ ਫ਼ਿਕਰ ਵਿਚ ਹਨ। ਵਾਹਿਗੁਰੂ ਨਾ ਕਰੇ, ਇਕ ਦਿਨ ਐਸਾ ਭੀ ਆ ਸਕਦਾ ਹੈ ਜਦੋਂ ਇਹ ਦੋਨੋਂ ਹੀ ਸੰਸਾਰ ਦੀ ਮੁਕੰਮਲ ਤਬਾਹੀ ਦਾ ਕਾਰਨ ਬਣ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੀ ਇਹ ਤਰਸਯੋਗ ਹਾਲਤ ਦੇਖੀ :–

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥.....
ਵਰਤਿਆ ਪਾਪ ਸਭਸ ਜਗ ਮਾਹੀ ॥੩੦॥ ਭਾਈ ਗੁਰਦਾਸ ਜੀ ੧/੩੦

ਆਪ ਜੀ ਨੇ ਪਰਚਲਤ ਪਰਨਾਲੀਆਂ ਦੀ ਘੋਖ ਕੀਤੀ ਤੇ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਸਾਰਾ ਨਿਰਣਾ ਕਰ ਕੇ ਰਖ ਦਿਤਾ ਕਿ ਭਾਵੇਂ ਅਸੀਂ ਲਖ ਵਾਰੀ "ਸੋਚੀ" ਜਾਈਏ ਕਿ ਇਹ ਸੰਸਾਰ ਬ੍ਰਹਮ ਦਾ ਰੂਪ ਹੈ ਤੇ "ਮੈਂ" ਹੀ ਬ੍ਰਹਮ ਹਾਂ, ਕਦੇ ਪਰਮ-ਸੁਖ ਦੀ ਪ੍ਰਾਪਤੀ ਨਹੀਂ ਹੋਣੀ, ਜਦੋਂ ਤਕ ਕਿ ਅਸੀਂ ਪਰਤਖ ਤੌਰ ਤੇ ਅਕਾਲ ਪੁਰਖ ਦਾ ਵਸਲ (ਮਿਲਾਪ) ਹਾਸਲ ਨਹੀਂ ਕਰਦੇ। ਮਨ ਨੂੰ ਖ਼ਾਮੋਸ਼ ਜਾਂ ਚੁਪ ਕਰਾਉਣ ਲਈ ਭਾਵੇਂ ਅਸੀਂ ਇਕ-ਟੱਕ ਸਮਾਧੀਆਂ (ਲਿਵਤਾਰ) ਲਾ ਕੇ ਬੈਠ ਰਹੀਏ ਤਾਂ ਭੀ ਇਹ ਮਸਲਾ ਹਲ ਨਹੀਂ ਹੋਣਾ। ਮਨ ਦੀ "ਭੁੱਖ" ਮਿਟਾਉਣ ਲਈ ਭਾਵੇਂ ਸਾਰੀਆਂ ਪੁਰੀਆਂ ਦਾ ਐਸ਼ੋ-ਇਸ਼ਰਤ ਦਾ ਸਾਮਾਨ ਇਸ ਦੇ ਅਗੇ ਲਿਆ ਰਖੀਏ, ਇਹ ਮਨ ਤ੍ਰਿਪਤ ਨਹੀਂ ਹੋਣਾ। ਜੇ ਅਸੀਂ ਮਾਯੂਸ ਹੋ ਕੇ, ਰੱਬ ਤੋਂ ਮੁਨਕਰ ਹੋ, "ਸਿਆਣਪਾਂ" ਤੋਂ ਕੰਮ ਲੈ ਵਿਗਿਆਨ ਦੇ ਆਸਰੇ ਸੁਖ ਦੀ ਤਲਾਸ਼ ਕਰੀਏ ਤਾਂ ਭੀ ਅਸਫਲਤਾ ਦਾ ਮੂੰਹ ਹੀ ਦੇਖਣਾ ਪਵੇਗਾ।

ਇਨ੍ਹਾਂ ਚੌਹੁੰਆਂ ਪਰਨਾਲੀਆਂ ਸੋਚ, ਚੁਪ, ਭੁੱਖ, ਤੇ ਸਿਆਣਪ ਨੂੰ ਨਕਾਰਾ (Condemn) ਕਰਨ ਤੇ ਸਵਾਲ ਪੈਦਾ ਹੁੰਦਾ ਹੈ ਕਿ ਇਸ ਕੂੜ ਦੀ ਕੰਧ (ਰੁਕਾਵਟ) ਨੂੰ ਕਿਵੇਂ ਪਾਰ ਕਰੀਏ ਤੇ ਸਚਿਆਰ ਬਣ ਸਕੀਏ। ਇਸ ਸਵਾਲ ਦਾ ਜੋ ਜਵਾਬ ਸਤਿਗੁਰੂ ਜੀ ਨੇ ਦਿਤਾ, ਉਸ ਨੂੰ ਸੁਣ ਕੇ ਅਕਲ ਦੰਗ ਰਹਿ ਜਾਂਦੀ ਹੈ ਕਿ ਇਕ "ਮਹਾਨ ਫ਼ਲਸਫ਼ੇ" ਦਾ ਜਵਾਬ ਸਿਰਫ ਦੋ ਲਫਜ਼ਾਂ ਵਿਚ ਦੇ ਕੇ ਕਿਵੇਂ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦਿਤਾ ਹੈ–ਆਪ ਜੀ ਨੇ ਫ਼ੁਰਮਾਇਆ ਕਿ "ਹੁਕਮ" ਤੇ "ਰਜਾ" ਦੀ ਪਾਲਨਾ ਕਰਨ ਨਾਲ ਸੰਸਾਰ ਦਾ ਨਿਸਤਾਰ ਹੋ ਸਕਦਾ ਹੈ।

ਸਾਡੇ ਕੁਝ ਵਿਦਵਾਨ ਇਥੇ ਟੱਪਲਾ ਖਾ ਕੇ "ਹੁਕਮ" ਤੇ "ਰਜ਼ਾ" ਨੂੰ ਰਲਾ ਮਿਲਾ ਕੇ ਆਖ ਦਿੰਦੇ ਹਨ, ਰੱਬ ਦਾ ਭਾਣਾ ਮੰਨੋ। ਰੱਬ ਜੋ ਚੰਗੇ ਮੰਦੇ ਕਰਮ ਸਾਥੋਂ ਕਰਾਉਂਦਾ ਹੈ, ਜੋ ਦੁਖ ਸੁਖ ਸਾਨੂੰ ਦਿੰਦਾ ਹੈ, ਉਸ ਸਭ ਕਾਸੇ ਨੂੰ ਉਸ ਦਾ "ਹੁਕਮ" ਮੰਨ ਕੇ ਉਸ ਦੀ "ਰਜ਼ਾ" ਵਿਚ ਰਾਜ਼ੀ ਰਹੋ।

ਦਾਸ ਦੇ ਵਿਚਾਰ ਅਨੁਸਾਰ ਇਸ ਤੁਕ "ਹੁਕਮਿ ਰਜਾਈ ਚਲਣਾ" ਦੇ ਇਹ ਅਰਥ ਨਹੀਂ ਹਨ। ਜਦੋਂ ਗੁਰੂ ਨਾਨਕ ਦੇਵ ਜੀ ਨੇ ਪਹਿਲੀਆਂ ਯੋਗ-ਪਰਨਾਲੀਆਂ ਨੂੰ ਨਕਾਰਾ ਆਖਿਆ ਤੇ ਫੇਰ ਆਪ ਹੀ ਸਵਾਲ ਕਰ ਦਿਤਾ ਕਿ ਕੂੜ ਦੀ ਰੁਕਾਵਟ ਦੂਰ ਕਰ ਕੇ ਕਿਵੇਂ ਸਚਿਆਰ ਬਣੀਏ ? ਤੇ ਅਗਲੇ ਲਫਜ਼ ਇਸ ਕਿਵੇਂ (?) ਦੇ ਉਤਰ ਵਿਚ ਹਨ, ਨਾ ਕਿ ਦੁਖ ਸੁਖ ਨੂੰ ਬਰਦਾਸ਼ਤ ਹੀ ਕਰੀ ਜਾਉ ਤੇ ਇਸ ਤੋਂ ਬਚਾਉ ਲਈ ਕੋਈ ਹੰਭਲਾ ਹੀ ਨਾ ਮਾਰੋ। ਇਸ ਤਰ੍ਹਾਂ ਅਸੀਂ ਜ਼ਿੰਦਗੀ ਤੋਂ ਮਾਯੂਸ ਹੋਣੇ ਸ਼ੁਰੂ ਹੋ ਜਾਵਾਂਗੇ। ਤੇ ਇਹ ਮਾਯੂਸੀ ਸਾਨੂੰ ਇਕ ਦਿਨ ਨਾਸਤਕਤਾ (ਰੱਬ ਤੋਂ ਬੇਮੁਖਤਾ) ਦੇ ਡੂੰਘੇ ਟੋਏ ਵਿਚ ਲੈ ਜਾ ਸੁਟੇਗੀ। ਕੀ ਗੁਰੂ ਜੀ ਨੇ ਸਾਨੂੰ ਮਾਯੂਸ ਹੋਣ ਦਾ ਹੀ ਉਪਦੇਸ਼ ਦੇ ਦਿਤਾ ? ਨਹੀਂ, ਐਸਾ ਨਹੀਂ ਕੀਤਾ।



www.AKJ.Org

ਆਪ ਜੀ ਨੇ ਦੋ ਲਫ਼ਜ਼ਾਂ ਵਿਚ ਗੁਰਮਤਿ ਦੇ ਸਾਰੇ ਸਿਧਾਂਤ ਨੂੰ ਬੰਦ ਕਰ ਦਿਤਾ। ਆਓ, ਇਸ ਦੀ ਪੜਚੋਲ ਕਰੀਏ–

''ਹੁਕਮ'' ਤੇ ''ਰਜ਼ਾ'' ਦੋ ਸਵਤੰਤਰ ਲਫ਼ਜ਼ ਹਨ–ਦੋਨਾਂ ਲਫ਼ਜ਼ਾਂ ਦੇ ਵੱਖਰੇ ਵੱਖਰੇ ਗੂੜ੍ਹ ਫ਼ਲਸਫ਼ੇ ਹਨ। ਹੁਕਮ ਜਾਂ (order) ਇਕ ਐਸਾ ਲਫ਼ਜ਼ ਹੈ ਜਿਸ ਦਾ ਅਰਥ ਹੈ ਆਪਣੇ ਸਾਹਿਬ ਦੀ ਆਖੀ ਗੱਲ ਨੂੰ ਇੰਨ ਬਿੰਨ ਮੰਨਣਾ। ਇਸ ਦੇ ਮੰਨਣ ਵਿਚ ਕੋਈ ਚੂੰ-ਚਰਾਂ ਜਾਂ ਕੋਈ ਕਿੰਤੂ-ਪਰੰਤੂ ਨਹੀਂ ਹੋ ਸਕਦਾ। ਹੁਕਮ, ਹੁਕਮ ਹੀ ਹੈ। (order is order) ਬਸ, ਮੰਨੋ।

''ਰਜ਼ਾ'' ਦਾ ਅਰਥ ਹੈ 'ਮਰਜ਼ੀ'। ਸੇਵਕ ਜੇ ਆਪਣੇ ਸਾਹਿਬ ਦੀ ਖ਼ੁਸ਼ਨੂਦੀ ਚਾਹੁੰਦਾ ਹੈ ਜਾਂ ਸਾਹਿਬ ਨੂੰ ਖ਼ੁਸ਼ ਦੇਖਣਾ ਚਾਹੁੰਦਾ ਹੈ ਤਾਂ ਜ਼ਰੂਰੀ ਹੈ ਕਿ ਓਹ ਸਾਹਿਬ ਦੀ ਮਰਜ਼ੀ ਅਨੁਸਾਰ ਚਲੇ ਜਾਂ ਸਾਹਿਬ ਦੀ ਰਜ਼ਾ ਵਿਚ ਰਹੇ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮੇਰੇ ਸਾਹਿਬ ਦਾ ਕੀ ''ਹੁਕਮ'' ਹੈ ਤੇ ਉਸ ਦੀ ''ਰਜ਼ਾ'' ਜਾਂ ਮਰਜ਼ੀ ਕੀ ਹੈ। ਉਹ ਸਾਥੋਂ ਕੀ ਕਰਵਾਇਆ ਲੋੜਦਾ ਹੈ, ਜੋ ਸਾਡੇ ਕੀਤੇ ਤੇ ਉਹ ਖ਼ੁਸ਼ ਹੋਵੇ। ਫ਼ੁਰਮਾਨ ਹੈ–

ਏਕੋ ਨਾਮੁ 'ਹੁਕਮੁ' ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ (ਪੰਨਾ ੭੨)

**ਨਾਮ ਕੀ ਹੈ ? ਸਤਿਗੁਰੂ ਕੌਣ ਹੈ** ? ਤੇ ਸਾਨੂੰ ਉਹ **ਨਾਮ ਦੀ ਬਖਸ਼ਿਸ਼ ਕਿਵੇਂ ਕਰਦਾ ਹੈ** ? ਜਾਂ ਨਾਮ ਦੀ ਸੋਝੀ ਜਾਂ ਬੁਝਾਰਤ ਕਿਵੇਂ ਬੁਝਾਉਂਦਾ ਹੈ ? ਇਸ ਤੇ ਵਿਚਾਰ ਕਰਨੀ ਹੈ।

## ਨਾਮ :–

ਭਾਈ ਨੰਦ ਲਾਲ ਜੀ ਫ਼ੁਰਮਾਉਂਦੇ ਹਨ ਕਿ ਅਕਾਲ ਪੁਰਖ ਦੇ ਤਿੰਨ ਰੂਪ ਹਨ : ਨਿਰਗੁਣ, ਸ਼ਬਦ ਤੇ ਸਰਗੁਣ। ਨਿਰਗੁਣ ਓਹ ਸਰੂਪ ਹੈ ਜਿਸ ਬਾਰੇ ਸ੍ਰੀ ਕਲਗੀਧਰ ਜੀ ਨੇ ਜਾਪ ਸਾਹਿਬ ਦੇ ਅਰੰਭ ਵਿਚ ਹੀ ਲਿਖਿਆ ਹੈ ਕਿ ਇਸ ਸਰੂਪ ਦੀ ਕੋਈ ਰੂਪ-ਰੇਖਾ ਜਾਂ ਸ਼ਕਲੋ ਸੂਰਤ ਨਹੀਂ ਹੈ, ਜਿਸ ਦਾ ਕਿ ਕੋਈ ਵਰਨਨ ਹੋ ਸਕੇ। ਬਸ ''ਅਮਿਤੋਜ'' (ਅਮਿਤ+ਓਜ), ਭਾਵ ਓਹ ਮਹਾਨ ਸ਼ਕਤੀ ਜਿਸ ਦੀ ਕੋਈ ਮਿਣਤੀ ਗਿਣਤੀ ਨਹੀਂ ਹੈ, ਆਖ ਕੇ ਚੁਪ ਹੀ ਹੋਣਾ ਪੈਂਦਾ ਹੈ। ਇਸ ਮਹਾਨ ਸ਼ਕਤੀ ਨੂੰ ''ਅਚਲ ਮੂਰਤਿ'' ਭੀ ਆਖਿਆ ਹੈ। ਜਦੋਂ ਅਕਾਲ ਪੁਰਖ ਆਪਣੇ ਵਿਸ਼ਥਾਰ ਦਾ ਆਨੰਦ ਮਾਨਣਾ ਚਾਹੁੰਦੇ ਹਨ ਤਾਂ ਇਹ ''ਅਮਿਤੋਜ'' ਜਾਂ ਲਾ-ਇੰਤਹਾ ਸ਼ਕਤੀ ਆਪਣੇ ਨਿਰਗੁਣ ਸਰੂਪ ''**ਅਚਲ ਮੂਰਤਿ**'' ਤੋਂ **ਚਲਾਇਮਾਨ** ਹੁੰਦੀ ਹੈ, ਭਾਵ, ਹਰਕਤ, ਜੁੰਬਸ਼, ਲਰਜ਼ਿਸ਼ ਜਾਂ Vibration ਕਰਦੀ ਹੈ ਤਾਂ ਇਸ ਕਾਰਨ ਤਬਦੀਲੀ ਦੀ ਜੋ ਪਹਿਲੀ ਸਟੇਜ ਹੈ, ਉਸ ਨੂੰ **ਨਾਮ** ਆਖਦੇ ਹਾਂ।

## ਸ਼ਬਦ :–

ਇਸ ਅਮਿਤੋਜ ਜਾਂ ਮਹਾਨ ਸ਼ਕਤੀ ਵਿਚੋਂ ਹਰਕਤ ਹੋਣ ਦੇ ਕਾਰਨ ਜੋ ਆਵਾਜ਼ ਪੈਦਾ ਹੁੰਦੀ ਹੈ ਉਸ ਨੂੰ ਭਾਈ ਨੰਦ ਲਾਲ ਜੀ ਨੇ ''ਸ਼ਬਦ'' ਬ੍ਰਹਮ ਆਖਿਆ ਹੈ। ਅਸੀਂ ਗੁਰਮੰਤਰ ਜਾਂ ਗੁਰਬਾਣੀ ਨੂੰ ਇਸ ''ਸ਼ਬਦ'' ਨਾਲ ਤੁਲਨਾ ਦੇ ਕੇ ''ਸ਼ਬਦ ਬ੍ਰਹਮ'' ਆਖ ਦਿੰਦੇ ਹਾਂ, ਪਰ ਐਸਾ ਨਹੀਂ ਹੈ। ਮਹਾਨ ਸ਼ਕਤੀ ਵਿਚ ਪਹਿਲੀ ਤਬਦੀਲੀ ਦੀ ਹਾਲਤ ਨੂੰ ''ਨਾਮ'' ਆਖਿਆ ਗਿਆ ਹੈ ਤੇ ''ਨਾਮ'' ਵਿਚ ਹਰਕਤ ਦੇ ਕਾਰਨ ਜੋ ਆਵਾਜ਼ ਪੈਦਾ ਹੁੰਦੀ ਹੈ ਉਸ ਨੂੰ ''ਸ਼ਬਦ'' ਆਖਦੇ ਹਾਂ।

''**ਅਚਲ** ਮੂਰਤਿ'' ਹਾਲਤ ਵਿਚ ਅਕਾਲ ਪੁਰਖ ਨਿਰਗੁਣ ਬ੍ਰਹਮ ਕਹਾਉਂਦਾ ਹੈ। **ਅਚਲ ਤੋਂ ਚਲਾਇ-ਮਾਨ** ਜਾਂ ਹਰਕਤ ਵਿਚ ਆਉਣ ਤੇ ਇਹ ਅਕਾਲ ਪੁਰਖ ''ਨਾਮ'' ਕਹਾਉਂਦਾ ਹੈ। ਸਾਰੰਗੀ ਦੀ ਤਾਰ ਨੂੰ ਛੇੜਨ ਤੇ, ਘੜਿਆਲ ਤੇ ਚੋਟ ਕਾਰਨ, ਕਾਂਸ਼ੀ ਦੇ ਭਾਂਡੇ ਟਕਰਾਉਣ ਤੇ, ਬੰਬ ਦੇ ਫਟਣ ਨਾਲ ਜੋ ਵਖੋ ਵਖ ਕਿਸਮ ਦੀਆਂ ਆਵਾਜ਼ਾਂ ਨਿਕਲਦੀਆਂ ਹਨ, ਉਹ ਇਨ੍ਹਾਂ ਧਾਤਾਂ ਦੇ ਕਣਾਂ ਦੀ ਹਰਕਤ ਕਾਰਨ ਪੈਦਾ ਹੁੰਦੀਆ ਹਨ। ਕਣਾਂ ਦੀ ਹਰਕਤ ਮੱਧਮ ਹੋਣ ਤੇ ਇਹ ਮੱਧਮ, ਕਣਾਂ ਦੀ ਹਰਕਤ ਬੰਦ ਹੋਣ ਨਾਲ ਹੀ ਇਹ ਆਵਾਜ਼



www.AKJ.Org

ਭੀ ਬੰਦ ਹੋ ਜਾਂਦੀ ਹੈ। ਇਸੀ ਤਰ੍ਹਾਂ ਅਮਿਤੋਜ "ਨਾਮ" ਦੀ ਹਰਕਤ ਤੋਂ ਜੋ ਆਵਾਜ਼ ਪੈਦਾ ਹੁੰਦੀ ਹੈ ਉਹ ਆਵਾਜ਼ "ਵਾਹਿਗੁਰੂ" ਸ਼ਬਦ ਦੀ ਆਵਾਜ਼ ਹੈ। ਮਹਾਂ ਪਰਲੋ ਤਕ ਇਹ ਮਹਾਨ ਸ਼ਕਤੀ ਹਰਕਤ ਵਿਚ ਰਹਿੰਦੀ ਹੈ ਤੇ ਇਹ 'ਵਾਹਿਗੁਰੂ" ਆਵਾਜ਼ ਲਗਾਤਾਰ ਜਾਰੀ ਰਹਿੰਦੀ ਹੈ। ਮਹਾਂ ਪਰਲੋ ਦੇ ਵਕਤ ਇਹ ਆਵਾਜ਼ (ਵਾਹਿਗੁਰੂ) ਨਾਮ ਵਿਚ ਤੇ "ਨਾਮ" ਅਕਾਲ ਪੁਰਖ ਵਿਚ ਸਮਾ ਜਾਂਦੇ ਹਨ ਤੇ "ਅਚਲ ਮੂਰਤਿ" ਦੀ ਅਵੱਸਥਾ ਵਿਚ ਚਲੇ ਜਾਂਦੇ ਹਨ। ਇਹ "ਆਵਾਜ਼" ਸੁਣ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਵਾਹਿਗੁਰੂ ਆਖਿਆ ਹੈ। ਨਾਮ ਦੀ ਲਾਇੰਤਹਾ ਸ਼ਕਤੀ ਅਗੋਂ ਆਪਣੇ ਆਪ ਨੂੰ ਸੂਖਸ਼ਮ ਤੋਂ ਸਥੂਲ ਵਿਚ ਬਦਲੀ ਹੋ ਇਸ ਸੰਸਾਰ ਦਾ ਰੂਪ ਧਾਰਨ ਕਰਦੀ ਹੈ–

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥੧॥" ਆਸਾ ਦੀ ਵਾਰ, ਪਉੜੀ ੧

ਨਾਮ ਦੇ ਵਿਸਥਾਰ ਬਾਰੇ ਸੁਖਮਨੀ ਸਾਹਿਬ ਵਿਚ ਹੁਕਮ ਆਉਂਦਾ ਹੈ–

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥...੫॥੧੬॥(ਪੰਨਾ ੨੮੫)

ਨਾਮ ਦੀ ਵਿਆਖਿਆ ਨੂੰ ਵਿਸਥਾਰ ਨਾਲ ਸਮਝਣ ਲਈ ਦੇਖੋ ਪੁਸਤਕ "ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਕ੍ਰਿਤ ਭਾਈ ਸਾਹਿਬ ਰਣਧੀਰ ਸਿੰਘ ਜੀ। ਜਿਨ੍ਹਾਂ ਮਹਾਂ ਪੁਰਖਾਂ ਦੀ ਰਸਾਈ ਇਸ ਨਾਮ ਤਕ ਹੋ ਜਾਂਦੀ ਹੈ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੰਸਾਰ ਦੇ ਜ਼ੱਰੇ ਜ਼ੱਰੇ ਵਿਚੋਂ "ਸ਼ਬਦ" ਦੀ ਆਵਾਜ਼ ਸੁਣਾਈ ਦਿੰਦੀ ਹੈ। ਇਕ ਵਾਰ ਦੀ ਗੱਲ ਹੈ ਕਿ ਬਾਬੂ ਮੱਲ ਸਿੰਘ ਜੀ "ਸ਼ਬਦ" ਦੀ ਵਿਆਖਿਆ ਕਰ ਰਹੇ ਸਨ। ਸਾਹਮਣੇ ਇਕ ਮੇਜ਼ ਪਿਆ ਸੀ। ਉਹਨਾਂ ਨੇ ਮੇਜ਼ ਤੇ ਹੱਥ ਮਾਰ ਕੇ ਆਖਿਆ ਕਿ ਤੁਹਾਨੂੰ ਇਹ ਲਕੜੀ ਜਾਪਦੀ ਹੈ, ਪਰ ਇਸ ਦੇ ਕਣ ਕਣ ਵਿਚੋਂ "ਵਾਹਿਗੁਰੂ" ਦੀ ਆਵਾਜ਼ ਸੁਣਾਈ ਦਿੰਦੀ ਹੈ।

## ਸਤਿਗੁਰੂ :–

ਸਤਿਗੁਰੂ ਕੌਣ ਹੈ ? ਸੁਖਮਨੀ ਸਾਹਿਬ ਦਾ ਫ਼ੁਰਮਾਨ ਹੈ–

"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥"

ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਅਕਾਲ ਪੁਰਖ ਦੇ ਨਿਜ ਸਰੂਪ ਤੋਂ ਨਾਮ ਜਾਂ ਗੁਰ-ਸ਼ਬਦ ਦੀ ਪ੍ਰਾਪਤੀ ਕੀਤੀ, ਓਹ ਹੀ ਸਤਿਗੁਰੂ ਹਨ। ਉਨ੍ਹਾਂ ਦੇ ਦਸੇ ਜਾਮੇ ਤੇ ਦਸਾਂ ਜਾਮਿਆਂ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਹੀ ਸਤਿਗੁਰੂ ਹਨ। ਹੋਰ ਕੋਈ ਕੱਚਾ ਪਿਲਾ ਤੇ ਜਣਾ ਖਣਾ ਇਨਸਾਨ ਭਾਵੇਂ ਦੁਨਿਆਵੀ ਤੌਰ ਤੇ ਕਿਤਨਾ ਵੱਡਾ ਕਿਉਂ ਨਾ ਹੋਵੇ, ਸਤਿਗੁਰੂ ਨਹੀਂ ਹੋ ਸਕਦਾ। ਫ਼ੀ-ਜ਼ਮਾਨਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਹੀ ਸਤਿਗੁਰੂ ਹਨ, **ਹੋਰ ਕੋਈ ਨਹੀਂ।**

## ਸਤਿਗੁਰੂ ਨਾਮ ਕਿਵੇਂ ਬੁਝਾਉਂਦਾ ਹੈ ?

ਨਾਮ ਦੀ ਮਹਾਨ ਸ਼ਕਤੀ, ਹਰ ਥਾਂ, ਹਰ ਜਾ, ਹਰ ਸਰੀਰ ਵਿਚ ਗੁਪਤ ਰੂਪ ਵਿਚ ਮੌਜੂਦ ਹੈ। ਜਦੋਂ ਸਤਿਗੁਰੂ ਸਾਡੇ ਤੇ ਦਿਆਲ ਹੋ ਕੇ ਸਾਨੂੰ ਨਾਮ ਦੀ ਬਖ਼ਸ਼ਿਸ਼ ਕਰਨਾ ਚਾਹੁੰਦਾ ਹੈ, ਇਸ ਗੁਪਤ ਨਾਮ ਨੂੰ ਸਾਡੇ ਅੰਦਰ ਪਰਗਟ ਕਰ ਦੇਂਦਾ ਹੈ–

"ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥" (ਪੰਨਾ ੬੭੭)

ਇਸ ਗੁਪਤ ਨਾਮ ਨੂੰ ਪਰਗਟ ਕਰ. ਇਸ ਨੂੰ ਹਰਕਤ ਵਿਚ ਲਿਆਉਂਦਾ ਹੈ। ਇਸ ਹਰਕਤ ਦੀ ਆਵਾਜ਼ "ਵਾਹਿਗੁਰੂ" ਦੀ ਰੌ ਲਗਾਤਾਰ ਚਾਲੂ ਹੋ ਜਾਂਦੀ ਹੈ, ਜਿਸ ਨੂੰ **"ਅੰਮ੍ਰਿਤ ਕਲਾ"** ਆਖਦੇ ਹਾਂ। ਅੰਦਰ ਪੈਦਾ ਹੋਈ ਅੰਮ੍ਰਿਤ ਕਲਾ ਦੇ ਨਾਲ ਜੁੜਨ ਲਈ "ਸਤਿਗੁਰੂ" ਗੁਰ ਸ਼ਬਦ ਦੀ ਬਖ਼ਸ਼ਿਸ਼ ਕਰਦੇ ਹਨ। ਵਿਦਿਤ ਰਹੇ ਕਿ "ਗੁਰ ਸ਼ਬਦ" ਦੀ ਆਵਾਜ਼ ਤੇ ਅੰਦਰ ਗੁਪਤ ਨਾਮ ਦੇ ਪਰਗਟ ਹੋਣ ਤੇ ਪੈਦਾ ਹੋਈ ਆਵਾਜ਼ ਦੀ ਰੌ ਇਕ



www.AKJ.Org

ਹੀ ਹਨ। ਅਸੀਂ "ਗੁਰ ਸ਼ਬਦ" ਦੀ ਕਮਾਈ ਕਰਦੇ ਹਾਂ। ਕਮਾਈ ਕਰਦੇ ਹੋਏ ਇਕ ਸਮਾਂ ਐਸਾ ਆਉਂਦਾ ਹੈ ਜਦੋਂ ਗੁਰ-ਸ਼ਬਦ ਦੀ ਆਵਾਜ਼, ਅੰਦਰ ਅੰਮ੍ਰਿਤ ਕਲਾ ਦੀ ਪਰਗਟ ਹੋਈ ਆਵਾਜ਼ ਨਾਲ ਮਿਲ ਜਾਂਦੀ ਹੈ ਤਾਂ ਅੰਮ੍ਰਿਤ ਕਲਾ ਦੀ ਤਾਕਤਵਰ ਰੌ ਦੇ ਆਸਰੇ ਸਾਡਾ ਨਾਮ-ਅਭਿਆਸ ਆਪ-ਮੁਹਾਰਾ ਹੀ ਚਲ ਪੈਂਦਾ ਹੈ ਜਾਂ ਐਉਂ ਕਹੋ ਕਿ Automatic (ਲਗਾਤਾਰੀ) ਹੋ ਜਾਂਦਾ ਹੈ, ਨਿਰਜਤਨ ਹੀ ਚਲਦਾ ਰਹਿੰਦਾ ਹੈ, ਜਿਸ ਨੂੰ ਗੁਰਮੁਖਾਂ ਦੀ ਬੋਲੀ ਵਿਚ ਅਜਪਾ ਜਾਪ ਜਾਂ ਨਾਮ ਦਾ ਤੋਰਾ ਤੁਰਨਾ ਆਖਦੇ ਹਾਂ। ਸੋ ਇਹ ਹੈ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ **ਬੁਝਾਇ ਜੀਉ**" ਦੀ ਤੁਛ ਮਾਤਰ ਵਿਆਖਿਆ।

**ਰਜ਼ਾ :–**

ਗੁਰੂ ਗਰੰਥ ਸਾਹਿਬ ਵਿਚ ਦਰਜ ਬਾਣੀ ਕਿਸੀ ਦੀ ਨਿਜ ਰਚਨਾ ਨਹੀਂ। ਇਹ ਅਕਾਲ ਪੁਰਖ ਦੀ ਨਿਜ ਰਚਨਾ ਹੈ, ਜੋ ਗੁਰੂ ਸਾਹਿਬਾਨ ਤੇ ਭਗਤ ਜਨਾਂ ਦੀ ਰਾਹੀਂ ਨਾਜ਼ਲ ਹੋਈ। ਇਸ "**ਧੁਰ ਕੀ ਬਾਣੀ**" ਦੇ ਪਾਠ ਤੋਂ ਪਤਾ ਚਲਦਾ ਹੈ ਕਿ ਕੁਝ ਕਰਮ ਐਸੇ ਹਨ ਜਿਨ੍ਹਾਂ ਦੇ ਕਰਨ ਦੀ ਸਾਨੂੰ ਤਾਕੀਦ ਹੈ। ਇਨ੍ਹਾਂ ਕਰਮਾਂ ਨੂੰ ਸੁਕਰਮ ਆਖ ਸਕਦੇ ਹਾਂ। ਕੁਝ ਕਰਮ ਐਸੇ ਹਨ ਜਿਨ੍ਹਾਂ ਦੇ ਕਰਨ ਤੋਂ ਸਾਨੂੰ ਰੋਕਿਆ ਗਿਆ ਹੈ। ਇਨ੍ਹਾਂ ਨੂੰ ਕੁਕਰਮ ਆਖ ਸਕਦੇ ਹਾਂ। ਵਾਹਿਗੁਰੂ ਦੀ "ਰਜ਼ਾ" ਨੂੰ ਸਮਝਣ ਲਈ ਅਸੀਂ ਗੁਰੂ ਗਰੰਥ ਸਾਹਿਬ ਦਾ ਇਕ ਪਾਠ ਅਰੰਭ ਤੋਂ ਸ਼ੁਰੂ ਕਰੀਏ। ਆਪਣੇ ਪਾਸ ਇਕ ਨੋਟ-ਬੁਕ ਰਖ ਕੇ, ਉਸ ਦੇ ਵਿਚ ਦੋ ਹਿਸੇ ਬਣਾ ਕੇ, ਇਕ ਪਾਸੇ "ਸੁਕਰਮ" ਤੇ ਦੂਸਰੇ ਪਾਸੇ "ਕੁਕਰਮ" ਨੋਟ ਕਰਦੇ ਜਾਈਏ। ਪਾਠ ਦੀ ਸਮਾਪਤੀ ਤੇ ਸਾਨੂੰ "ਸੁਕਰਮ'ਾਂ' ਦਾ ਤੇ ਕੁਕਰਮਾਂ ਦਾ ਪੂਰਾ ਵਿਸਥਾਰ ਮਿਲ ਜਾਵੇਗਾ। ਫੇਰ ਅਸੀਂ "ਸੁਕਰਮਾਂ" ਨੂੰ ਕਰਨ ਤੇ "ਕੁਕਰਮਾਂ" ਤੋਂ ਬਚਣ ਵਿਚ ਜੁਟ ਜਾਈਏ। ਨਤੀਜਾ ਇਹ ਹੋਵੇਗਾ ਕਿ ਸਾਥੋਂ ਸਿਰਫ਼ ਸੁਕਰਮ ਹੀ ਹੋਣਗੇ, ਜਿਸ ਨਾਲ ਸਾਡਾ ਅੰਤਹਕਰਨ ਸ਼ੁਧ ਹੋ ਜਾਵੇਗਾ, ਸਾਡਾ ਜੀਵਨ ਬਦਲ ਕੇ ਦੈਵੀ ਜੀਵਨ ਹੋ ਜਾਏਗਾ–

ਸੁਚਿ ਹੋਵੈ ਤਾ ਸਚੁ ਪਾਈਐ ॥੩॥੧੯॥ ਆਸਾ ਦੀ ਵਾਰ, ਪੰਨਾ ੪੭੨

ਇਹ ਦੈਵੀ ਜੀਵਨ ਦੀ "ਸੁਚਿ" ਹੀ "ਸਚ" ਨੂੰ ਪਾਉਣ ਲਈ ਨਾਮ ਅਭਿਆਸ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਵਿਚ ਬਹੁਤ ਸਹਾਈ ਹੁੰਦਾ ਹੈ। ਜੇ ਕਿਤੇ ਸਾਥੋਂ ਜਾਣੇ ਜਾਂ ਅਣਜਾਣੇ ਕੋਈ ਕੁਕਰਮ ਹੋ ਜਾਵੇ ਤਾਂ ਨਾਮ ਦੀ ਰੌ ਮਧਮ ਪੈ ਕੇ ਹੌਲੀ ਹੌਲੀ ਖੜ੍ਹਦੀ ਕਲਾ ਹੋ ਜਾਵੇਗੀ।

ਇਸ ਮਾਰਗ ਤੇ ਚਲਣ ਲਈ ਸੁਕਰਮ ਦਾ ਕਰਨਾ ਤੇ ਕੁਕਰਮ ਤੋਂ ਬਚਣਾ ਅਤਿਅੰਤ ਲਾਜ਼ਮੀ ਹੈ। ਇਹ ਹੈ ਸਾਹਿਬ ਦੀ "ਰਜ਼ਾ" ਵਿਚ ਚਲਣਾ। ਸੋ "ਹੁਕਮ" ਤੇ "ਰਜ਼ਾ" ਦੀ ਪਾਲਨਾ ਕਰ ਕੇ ਅਸੀਂ ਸਚਿਆਰ ਸਿਖ ਬਣ, ਅਕਾਲ ਪੁਰਖ ਨਾਲ ਮਿਲ ਇਕ ਹੋ ਸਕਦੇ ਹਾਂ। ਕਿਵੇਂ ?

ਇਸ ਬਾਰੇ ਵਿਚਾਰ ਅਗਲੇ ਲੇਖ ਵਿਚ ਹੋਵੇਗੀ। [ਚਲਦਾ]

---

# ਸਤਿਗੁਰਾਂ ਪਾਸ ਜੋਦੜੀ

[ਸ: ਅਵਤਾਰ ਸਿੰਘ ਜੀ, ਬੀ. ਏ. ਆਨਰਜ਼, ਪਿੰਡ ਮੰਡੇਰ ਕਪੂਰਥਲਾ]

ਸਾਨੂੰ ਨਾਮ ਦੀ ਸੋਝੀ ਬਖਸ਼ ਦਿਓ ਸੱਚੇ ਸਤਿਗੁਰ ਜੀ, ਖੀਵੇ ਮਸਤ ਰਹੀਏ ਪੀ ਪੀ ਪ੍ਰੇਮ ਪਿਆਲੇ।
ਸਾਡੇ ਹਿਰਦੇ ਅੰਦਰੋਂ ਗੁਪਤ ਨਾਮ ਪ੍ਰਗਟਾ ਦਿਓ ਜੀ, ਧੂੜੀ ਗੁਰਸਿਖਾਂ ਦੀ ਨਾਲੇ ਸਾਧ ਰਵਾਲੇ।
'ਪੜ੍ਹਿਆ ਅਨਪੜ੍ਹਿਆ' ਤਾਂ ਘਰ ਤੇਰੇ ਵਿਚ ਇਕੋ ਜਿਹਾ,ਕਰ ਦਿਓ ਖ਼ਤਮ ਚਤੁਰਾਈਆਂ, ਜੋ ਪਾਉਣ ਪੈਰਾਂ ਨੂੰ ਤਾਲੇ
ਕਾਮ, ਕ੍ਰੋਧ, ਲੋਭ ਕਰ ਦਿਓ ਖੰਡਲ ਖੰਡਾ ਜੀ, ਟੋਏ ਟਿੱਬੇ ਢਾਹ ਕੇ ਕਰ ਦਿਓ ਪੱਧਰ ਵਾਲੇ
ਅਉਗਣਹਾਰ ਅਸੀਂ ਹਾਂ, ਤੁਸੀਂ ਸਾਂਗ ਵਰਤਾਇਓ ਨਾ, ਅਸੀਂ ਨਹੀਂ ਗੁਰੂ ਜੀ ਕੱਸਵੱਟੀਆਂ ਝੱਲਣ ਵਾਲੇ।
ਫੜ ਫੜ ਸਫਾਂ ਬਿਠਾਓ, ਹੋਏ ਜੀ ਖੇਰੂ ਖੇਰੂ ਹਾਂ, ਪੱਤਾਂ ਲਹਿੰਦੀਆਂ ਨੂੰ ਤੁਸੀਂ ਹੀ ਰੱਖਣ ਵਾਲੇ।
'ਮੰਡੇਰ' ਦਰ ਤੇਰੇ ਦੇ ਕੂਕਰ ਦੀ ਅਰਜੋਈ ਏ, ਰਹੇ 'ਗੁਰੁ ਮੇਰੈ ਸੰਗਿ ਸਦਾ ਹੀ ਨਾਲੇ'।



www.AKJ.Org

# ਗੁਰਦੁਆਰਾ ਪੰਜਾ ਸਾਹਿਬ ਤੇ ਕਬਜ਼ਾ

[ਭਾਈ ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਨਨਕਾਣਾ ਸਾਹਿਬ ਐਸਟੇਟ]

ਗੁਰਦੁਆਰਾ ਪੰਜਾ ਸਾਹਿਬ ਦੇ ਮਹੰਤ ਮਿਠਾ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਇਕ ਹਿੰਦੂ ਹਲਵਾਈ ਨੂੰ ਕੜਾਹ ਪ੍ਰਸ਼ਾਦ ਦਾ ਠੇਕਾ ਦਿਤਾ ਹੋਇਆ ਸੀ। ਉਹ ਹੀ ਦੁਧ ਦਹੀਂ ਵੇਚਦਾ ਸੀ, ਅਤੇ ਉਹ ਹੀ ਸਿਗਰਟ ਵੀ ਵੇਚਦਾ ਸੀ। ਇਕ ਦਿਨ, ਇਕ ਫ਼ੌਜੀ ਸਿੰਘ ਯਾਤਰਾ ਲਈ ਗੁਰਦੁਆਰਾ ਸਾਹਿਬ ਪੁਜਾ ਤੇ ਉਸ ਨੇ ਸਵਾ ਰੁਪਿਆ ਕੜਾਹ ਪ੍ਰਸ਼ਾਦ ਦੀ ਦੇਗ ਸਜਾਉਣ ਲਈ ਉਸ ਹਲਵਾਈ ਨੂੰ ਦਿਤਾ ਤੇ ਆਪ ਇਸ਼ਨਾਨ ਕਰਨ ਚਲਾ ਗਿਆ। ਜਦ ਵਾਪਸ ਆਇਆ ਤਾਂ ਕੀ ਵੇਖਦਾ ਹੈ ਕਿ ਉਹ ਹਲਵਾਈ ਸਿਗਰਟ ਪੀ ਰਿਹਾ ਹੈ ਅਤੇ ਦੁਕਾਨ ਤੇ ਵੇਚਣ ਲਈ ਵੀ ਸਿਗਰਟ ਰਖੇ ਹੋਏ ਹਨ। ਇਹ ਵੇਖ ਕੇ ਉਸ ਨੂੰ ਬਹੁਤ ਰੋਹ ਚੜ੍ਹ ਗਿਆ। ਉਸ ਨੇ ਉਸ ਹਲਵਾਈ ਨੂੰ ਕਿਹਾ ਕਿ ਮੈਂ ਤੇਰੇ ਪਾਸੋਂ ਗੁਰੂ ਮਹਾਰਾਜ ਨੂੰ ਭੋਗ ਲਵਾਉਣ ਵਾਲਾ ਕੜਾਹ ਪ੍ਰਸ਼ਾਦ ਨਹੀਂ ਲਵਾਂਗਾ, ਕਿਉਂਕਿ ਤੂੰ ਚੁਰਟ ਪੀ ਰਿਹਾ ਹੈਂ। ਇਸ ਤੇ ਉਨ੍ਹਾਂ ਦੋਹਾਂ ਦਾ ਆਪੋ ਵਿਚ ਝਗੜਾ ਹੋ ਗਿਆ। ਉਸ ਸਿੰਘ ਨੇ ਪੈਸੇ ਵਾਪਸ ਲੈ ਲਏ ਤੇ ਗੁਰਦੁਆਰਾ ਸਾਹਿਬ ਜਾ ਬੈਠਾ।

ਮਹੰਤ ਮਿਠਾ ਸਿੰਘ ਉਸ ਹਲਵਾਈ ਤੋਂ ੩੬੦੦) ਰੁਪਏ ਸਾਲਾਨਾ ਠੇਕਾ ਲੈਂਦਾ ਹੁੰਦਾ ਸੀ। ਇਹ ਵਾਕਿਆ ਸੁਣ ਕੇ ਮਹੰਤ ਨੇ ਇਸ ਗੱਲ ਦਾ ਪਛਤਾਵਾ ਨਾ ਕੀਤਾ, ਬਲਕਿ ਉਸ ਦੇ ਭਾਈ ਸੰਤ ਸਿੰਘ ਨੇ ਉਸ ਸਿੰਘ ਨੂੰ ਗੋਲੀ ਕਢ ਮਾਰੀ, ਜੋ ਉਸ ਦੀ ਲੱਤ ਵਿਚ ਵਜੀ। ਉਹ ਜਾਨੋਂ ਬਚ ਗਿਆ। ਇਹ ਗੱਲ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋ ਗਈ ਕਿ ਗੁਰਦੁਆਰਾ ਪੰਜਾ ਸਾਹਿਬ ਵਿਖੇ ਇਕ ਸਿੰਘ ਨੂੰ ਮਹੰਤਾਂ ਨੇ ਗੋਲੀ ਮਾਰੀ ਹੈ।

ਏਧਰ ਅਕਾਲ ਤਖ਼ਤ ਤੇ ਸਿੰਘਾਂ ਦਾ ਕਬਜ਼ਾ ਹੋ ਚੁਕਾ ਹੋਇਆ ਸੀ। ਮਹੰਤ ਮਿਠਾ ਸਿੰਘ ਇਹ ਖ਼ਬਰ ਸੁਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੇਖਣ ਲਈ ਪੁਜਾ। ਜਦ ਇਹ ਅੰਮ੍ਰਿਤਸਰ ਪੁਜਾ ਤਾਂ ਵੇਖਿਆ ਕਿ ਸੈਂਟਰਲ ਮਾਝਾ ਦੀਵਾਨ ਦੇ ਸਿੰਘ ਨੀਲੇ ਦਸਤਾਰੇ ਸਜਾਈ ਬੈਠੇ ਹਨ। ਉਨ੍ਹਾਂ ਨੂੰ ਵੇਖਦਿਆਂ ਸਾਰ ਇਸ਼ਨਾਨ ਕਰ ਕੇ ਪਿਛਾਂਹ ਨੂੰ ਦੌੜਨ ਦੀ ਕੀਤੀ। ਘਰ ਪੁਜਦੇ ਸਾਰ ਆਪਣੇ ਮੰਜੇ ਤੇ ਲੇਟ ਗਿਆ। ਸਵੇਰ ਹੋਈ, ਉਠਿਆ ਤਾਂ ਉਸ ਦੀ ਉਠਣ ਦੀ ਕੋਈ ਵਾਹ ਨਾ ਰਹੀ, ਭਾਵ, ਬੇਹੋਸ਼ੀ ਦੀ ਹਾਲਤ ਵਿਚ ਬੁੜਬੁੜਾਨ ਲਗ ਪਿਆ, "ਔਹ ਆ ਗਏ ਕਾਲੇ ਦਸਤਾਰਿਆਂ ਵਾਲੇ, ਔਹ ਮਾਰਨ ਲਗੇ ਜੇ।" ਇਸੇ ਤਰ੍ਹਾਂ ਕਰੀ ਜਾਂਦਾ ਸੀ। ਘਰ ਵਾਲਿਆਂ ਨੇ ਹਕੀਮ ਬੁਲਾਏ, ਪਰ ਕੋਈ ਆਰਾਮ ਨਾ ਆਇਆ। ਜਦ ਕਦੀ ਜਾਗ ਆਵੇ ਤਾਂ ਉਬੜਵਾਹੇ ਬੜਾਨ ਲਗ ਪਵੇ ਕਿ "ਔਹ ਆ ਗਏ, ਮਾਰਨ ਲਗੇ ਜੇ।" ਛੇਵੇਂ ਦਿਨ ਮਹੰਤ ਨੂੰ ਕੈਂਬਲਪੁਰ ਸਿਵਲ ਹਸਪਤਾਲ ਲੈ ਗਏ। ਸਿਵਲ ਸਰਜਨ ਨੇ ਕਿਹਾ ਕਿ ਇਸ ਨੂੰ ਕੋਈ ਬੀਮਾਰੀ ਨਹੀਂ, ਇਸ ਨੂੰ ਵੇਖ ਕੇ ਦਹਿਸ਼ਤ ਹੋ ਗਈ ਹੈ, ਜਿਸ ਦਾ ਮੇਰੇ ਪਾਸ ਕੋਈ ਇਲਾਜ ਨਹੀਂ। ਸੋ ਇਸ ਨੂੰ ਘਰ ਲੈ ਜਾਵੋ, ਕਿਉਂਕਿ ਇਹ ਮੌਤ ਕਿਨਾਰੇ ਹੈ। ਇਸ ਤੇ ਇਸ ਦੇ ਰਿਸ਼ਤੇਦਾਰਾਂ ਨੇ ਉਸ ਦੀ ਮੰਜੀ ਚੁਕ ਲਈ। ਸਟੇਸ਼ਨ ਤੋਂ ਘਰ ਲੈ ਜਾ ਰਹੇ ਸੀ ਕਿ ਰਸਤੇ ਵਿਚ ਹੀ ਮਹੰਤ ਹੋਰੀ ਚਲਾਣਾ ਕਰ ਗਏ। ਇਸ ਵੇਲੇ ਭਾਈ ਮੋਹਰ ਸਿੰਘ ਜੀ ਗ੍ਰੰਥੀ ਕੈਂਬਲਪੁਰ ਸਿੰਘ-ਸਭਾ ਵਾਲੇ ਨਾਲ ਸਨ। ਉਹ ਉਸੇ ਵੇਲੇ ਵਾਪਸ ਪਰਤ ਗਏ ਤੇ ਵਾਪਸ ਜਾ ਕੇ ਛੇਤੀ ਹੀ ਅੰਮ੍ਰਿਤਸਰ ਸਾਹਿਬ ਤਾਰ ਦੇ ਦਿਤੀ ਕਿ ਜਥਾ ਛੇਤੀ ਪੁਜੇ। ਮਹੰਤ ਮਿਠਾ ਸਿੰਘ ਮਰ ਗਿਆ ਹੈ।

ਸਬੱਬ ਨਾਲ ਉਸ ਦਿਨ ਅੰਮ੍ਰਿਤਸਰ ਗੁਰਦੁਆਰਾ ਕਮੇਟੀ ਦੀ ਦੂਜੀ ਮੀਟਿੰਗ ਸੀ, ਜਿਸ ਵਿਚ (ਜਥੇਦਾਰ ਕਰਤਾਰ ਸਿੰਘ) ਝੱਬਰ ਜੀ ਵੀ ਪੁਜੇ ਹੋਏ ਸਨ ਅਤੇ ਸੈਂਟਰਲ ਮਾਝਾ ਦੀਵਾਨ ਦੇ ਕੁਝ ਸਿੰਘ ਵੀ ਆਏ ਹੋਏ ਸਨ। ਫ਼ੈਸਲਾ ਹੋਇਆ ਕਿ ਇਨ੍ਹਾਂ ਵਿਚੋਂ ੨੫ ਸਿੰਘ ਨਾਲ ਲੈ ਕੇ ਝੱਬਰ ਜੀ ਪੰਜਾ ਸਾਹਿਬ ਜਾਣ। ਸੋ ਅਗਲੇ ਭਲਕ ਤਿਆਰੀ ਕੀਤੀ ਗਈ, ਪਰੰਤੂ ਜਥੇ ਪਾਸ ਕਿਰਾਏ ਲਈ ਪੈਸੇ ਨਹੀਂ ਸਨ। ਕਿਰਾਏ ਲਈ ਅੱਸੀ ਰੁਪਏ ਚਾਹੀਦੇ ਸਨ। ਇਤਫ਼ਾਕ ਨਾਲ ਜਥੇਦਾਰ ਤੇਜਾ ਸਿੰਘ ਭੁੱਚਰ ਦੇ ਬ੍ਰਿਧ ਪਿਤਾ ਜੀ ਤਦੋਂ ਹੀ ਆਏ ਸਨ ਅਤੇ



www.AKJ.Org

ਉਨ੍ਹਾਂ ਆਪਣੇ ਲੜਕੇ ਨੂੰ ਇਕ ਸੌ ਰੁਪਏ ਦਾ ਨੋਟ ਦੇਂਦੇ ਹੋਇਆਂ ਕਿਹਾ ਸੀ ਕਿ 'ਪੁੱਤਰ, ਮੈਂ ਬੜਾ ਖ਼ੁਸ਼ ਹਾਂ ਕਿ ਤੂੰ ਪੰਥ ਦਾ ਕੰਮ ਕਰਨਾ ਸ਼ੁਰੂ ਕੀਤਾ ਹੈ। ਮੈਂ ਹਰ ਮਹੀਨੇ ਇਕ ਸੌ ਰੁਪਏ ਭੇਜਿਆ ਕਰਾਂਗਾ।' ਤੇਜਾ ਸਿੰਘ ਨੇ ਉਹ ਨੋਟ ਉਸੇ ਵੇਲੇ ਝੱਬਰ ਜੀ ਨੂੰ ਦੇ ਦਿਤਾ, ਜਿਸ ਵਿਚੋਂ ਵੀਹ ਰੁਪਏ ਝੱਬਰ ਨੇ ਤੇਜਾ ਸਿੰਘ ਜੀ ਨੂੰ ਮੋੜ ਦਿਤੇ।

ਅਗਲੇ ਦਿਨ ਸਵੇਰੇ ਜਥਾ ਅੰਮ੍ਰਿਤਸਰ ਤੋਂ ਰਵਾਨਾ ਹੋਇਆ। ਉਸ ਦਿਨ ਮਾਸਟਰ ਮੋਤਾ ਸਿੰਘ, ਜੋ ਗ੍ਰਿਫ਼ਤਾਰ ਸਨ, ਦੇ ਮੁਕੱਦਮੇ ਦੀ ਲਾਹੌਰ ਸ਼ੀ ਪੇਸ਼ੀ ਅਤੇ ਕੁਝ ਸਿੰਘਾਂ ਨੇ ਉਥੋਂ ਜਥੇ ਵਿਚ ਸ਼ਾਮਲ ਹੋਣਾ ਸੀ। ਉਨ੍ਹਾਂ ਦੀ ਉਡੀਕ ਵਿਚ ਜਥਾ ਥੋੜਾ ਸਮਾਂ ਲੰਡੇ ਬਾਜ਼ਾਰ ਭਾਈ ਤਾਰੂ ਸਿੰਘ ਜੀ ਦੇ ਸ਼ਹੀਦਗੰਜ ਤੇ ਅਟਕਿਆ। ਇਥੇ ਕਾਂਗਰਸੀ ਸਿੰਘਾਂ ਵਲੋਂ ਭੇਜੇ ਸ: ਅਮਰ ਸਿੰਘ ਝਬਾਲ ਝੱਬਰ ਜੀ ਨੂੰ ਮਿਲੇ ਤੇ ਕਿਹਾ ਕਿ ਤੁਸੀਂ ਪੰਜਾ ਸਾਹਿਬ ਜਥਾ ਨਾ ਲੈ ਜਾਓ। ਮਹਾਤਮਾ ਗਾਂਧੀ ਜੀ ਆਖਦੇ ਹਨ ਕਿ ੩੧ ਦਸੰਬਰ ਤਕ ਸਵਰਾਜ ਹੋ ਜਾਣਾ ਹੈ, ਗੁਰਦੁਆਰਿਆਂ ਦੇ ਕਬਜ਼ੇ ਕਰਨੇ ਕੋਈ ਕੰਮ ਨਹੀਂ। ਅਸੀਂ ਸਾਰੇ ਕਾਂਗਰਸ ਨਾਲ ਮਿਲ ਕੇ ਕੰਮ ਕਰੀਏ।

ਝੱਬਰ ਨੇ ਉਤਰ ਦੇਂਦੇ ਹੋਏ ਆਖਿਆ, "ਸਰਦਾਰ ਸਾਹਿਬ, ਮੈਨੂੰ ਗਾਂਧੀ ਜੀ ਦੇ ਪ੍ਰੋਗਰਾਮ ਤੇ ਫਿਲਹਾਲ ਕੋਈ ਯਕੀਨ ਨਹੀਂ ਕਿ ਐਡੀ ਛੇਤੀ ਅੰਗਰੇਜ਼ ਹਿੰਦੁਸਤਾਨ ਛੱਡ ਕੇ ਟੁਰ ਜਾਣਗੇ, ਪਰ ਜੇਕਰ ਇਹ ਗੱਲ ਮੰਨ ਵੀ ਲਈ ਜਾਵੇ ਤੇ ਸਵਰਾਜ ਹੋ ਵੀ ਜਾਵੇ, ਤਾਂ ਸਾਡੇ ਗੁਰਦੁਆਰੇ ਹੋਰ ਜਿਆਦਾ ਖ਼ਤਰੇ ਵਿਚ ਪੈ ਜਾਣਗੇ। ਆਜ਼ਾਦ ਹਿੰਦੁਸਤਾਨ ਵਿਚ ਹਿੰਦੂ ਰਾਜ ਹੋਵੇਗਾ। ਇਸ ਵੇਲੇ ਰਾਜ ਅੰਗਰੇਜ਼ ਦਾ ਹੈ। ਅਸੀਂ ਗੁਰਦੁਆਰਿਆਂ ਤੇ ਕਬਜ਼ੇ ਕਰਦੇ ਹਾਂ। ਹਕੂਮਤ ਚੁਪ ਹੈ, ਕਿਉਂਕਿ ਅੰਗਰੇਜ਼ਾਂ ਦਾ ਸਾਡੇ ਨਾਲ ਕੋਈ ਮਜ਼ੁਬੀ ਵਿਰੋਧ ਨਹੀਂ। ਜੇਕਰ ਗਾਂਧੀ ਜੀ ਦੇ ਕਹੇ ਮੁਤਾਬਕ ਸਚ ਮੁਚ ਹਿੰਦੂ ਰਾਜ ਹੋ ਜਾਵੇ ਤਾਂ ਫਿਰ ਸਾਨੂੰ ਗੁਰਦੁਆਰਿਆਂ ਦੇ ਨੇੜੇ ਕਿਸੇ ਨਹੀਂ ਆਉਣ ਦੇਣਾ। ਹਿੰਦੂ ਸਾਡੇ ਨਾਲ ਮਜ਼ੁਬੀ ਵਿਰੋਧ ਰਖਦਾ ਹੈ। ਇਸ ਲਈ ਅਸੀਂ ਪੰਜੇ ਸਾਹਿਬ ਜ਼ਰੂਰ ਜਾਵਾਂਗੇ।"

ਸਰਦਾਰ ਅਮਰ ਸਿੰਘ ਹੋਰੀਂ ਇਹ ਗੱਲ ਸੁਣ ਕੇ ਚਲੇ ਗਏ। ਜਥਾ ਰਾਤ ੧੦ ਵਜੇ ਦੀ ਗਡੀ ਪੰਜਾ ਸਾਹਿਬ ਨੂੰ ਰਵਾਨਾ ਹੋ ਗਿਆ। ਸ: ਅਮਰ ਸਿੰਘ ਜੀ ਭੀ ਉਸ ਗਡੀ ਪੁਜ ਗਏ। ਗੁਜਰਖ਼ਾਨ ਜਾ ਦਿਨ ਚੜ੍ਹਿਆ। ਇਥੇ ਕਈ ਪ੍ਰੇਮੀ ਸਿੰਘ ਸਟੇਸ਼ਨ ਤੇ ਮਿਲੇ ਤੇ ਪੰਜੇ ਸਾਹਿਬ ਦੀ ਤਿਆਰੀ ਸੁਣ ਕੇ ਬੜੇ ਖ਼ੁਸ਼ ਹੋਏ। ਹਰ ਸਟੇਸ਼ਨ ਤੇ ਪੋਠੋਹਾਰੀ ਸਿੰਘ ਜਥੇ ਨੂੰ ਵੇਖ ਕੇ ਬੜੇ ਖੁਸ ਹੁੰਦੇ।

ਜਥਾ ਰਾਵਲਪਿੰਡੀ ਪੁਜਾ, ਇਥੇ ਗਡੀ ਦੋ ਘੰਟੇ ਠਹਿਰਨੀ ਸੀ। ਜਥੇ ਦੀ ਖ਼ਬਰ ਸ਼ਹਿਰ ਵਿਚ ਪਹੁੰਚ ਗਈ। ਗਿਆਨੀ ਸ਼ੇਰ ਸਿੰਘ ਜੀ ਨੇ, ਜੋ ਇਹਨੀਂ ਦਿਨੀਂ ਰਾਵਲਪਿੰਡੀ ਰਹਿੰਦੇ ਸੀ, ਕੁਝ ਸਿੰਘਾਂ ਨੂੰ ਭੇਜਿਆ ਕਿ ਜਥੇ ਨੂੰ ਇਥੇ ਅਟਕਾ ਲਵੋ, ਅਤੇ ਸਿੰਘ ਸਭਾ ਲੈ ਆਵੋ। ਇਥੋਂ ਵੀ ਬਹੁਤ ਸਿੰਘ ਤਿਆਰ ਹਨ, ਭਲਕੇ ਰਲ ਕੇ ਚਲਾਂਗੇ। ਉਤਰ ਵਿਚ ਝੱਬਰ ਨੇ ਆਖਿਆ, "ਕਲ੍ਹ ਪਰਸੋਂ ਅਜੇ ਬੜੀ ਦੂਰ ਹੈ। ਸਾਡਾ ਅਰਦਾਸਾ ਪੰਜੇ ਸਾਹਿਬ ਅਪੜਨ ਦਾ ਹੈ। ਅਸੀਂ ਰੁਕ ਨਹੀਂ ਸਕਦੇ। ਤੁਸੀਂ ਭੀ ਜੇ ਤਿਆਰ ਹੋ ਤਾਂ ਆ ਮਿਲੋ।"

ਸੋ ਜਥਾ ੧੯ ਨਵੰਬਰ ੧੯੨੦ ਨੂੰ ਹਸਨ ਅਬਦਾਲ ਸਟੇਸ਼ਨ ਤੇ ਉਤਰ ਕੇ ਤਿੰਨ ਕੁ ਵਜੇ ਨਾਲ ਗੁਰਦੁਆਰਾ ਪੰਜਾ ਸਾਹਿਬ ਨੂੰ ਤੁਰ ਪਿਆ। ਹਰ ਇਕ ਸਿੰਘ ਦੇ ਮੋਢੇ ਤੇ ਛੋਟੇ ਦਸਤੇ ਵਾਲਾ ਸਫ਼ਾਜੰਗ ਸੀ। ਜਥਾ ਸਟੇਸ਼ਨ ਤੋਂ ਚਾਰ ਚਾਰ ਦੀ ਕਤਾਰ ਵਿਚ ਚਲ ਰਿਹਾ ਸੀ। ਅਗੇ ਅਗੇ ਜਥੇਦਾਰ ਝੱਬਰ ਜੀ ਸਨ। ਇਸ ਤਰ੍ਹਾਂ ਜਲੂਸ ਦੀ ਸ਼ਕਲ ਵਿਚ ਗੁਰਦੁਆਰਾ ਸਾਹਿਬ ਪੁਜੇ। ਗੁਰਦੁਆਰਾ ਸਾਹਿਬ ਦੇ ਬਾਹਰਵਾਰ ਥੜੇ ਤੇ ਅਠ ਨੌਂ ਸਿੰਘ ਬੈਠੇ ਸਨ। ਜਥੇਦਾਰ ਨੇ ਜਥੇ ਨੂੰ ਠਹਿਰਨ ਵਾਸਤੇ ਕਿਹਾ ਤੇ ਜੋੜੇ ਲਾਹ ਦੇਣ ਦਾ ਹੁਕਮ ਕੀਤਾ। ਜੋੜੇ ਲਾਹ ਕੇ ਜਥਾ ਮੱਥਾ ਟੇਕਣ ਅੰਦਰ ਚਲਾ ਗਿਆ। ਪਰਕਰਮਾ ਕਰ ਕੇ ਬਾਹਰ ਆਏ ਤਾਂ ਝੱਬਰ ਨੇ ਥੜੇ ਤੇ ਬੈਠੇ ਹੋਏ ਸਿੰਘਾਂ ਪਾਸੋਂ ਪੁਛਿਆ ਕਿ ਤੁਹਾਡੇ ਵਿਚੋਂ ਮਹੰਤ ਮਿਠਾ ਸਿੰਘ ਦਾ ਭਾਈ, ਸੰਤ ਸਿੰਘ ਕਿਹੜਾ ਹੈ? ਤਾਂ ਇਕ ਨੇ ਆਖਿਆ, 'ਜੀ, ਮੇਰਾ ਨਾਮ ਸੰਤ ਸਿੰਘ ਹੈ।' ਝੱਬਰ ਨੇ ਆਖਿਆ ਕਿ ਆਪ ਨਾਲ ਚਲੋ ਤੇ ਜਥੇ ਦੇ ਉਤਾਰੇ ਲਈ ਜਗ੍ਹਾ ਦਿਵਾਓ। ਭਾਈ ਸੰਤ ਸਿੰਘ ਅਗੇ ਹੋ ਟੁਰਿਆ। ਭਾਈ ਸੰਤ ਸਿੰਘ ਨੇ ਪਿਸ਼ੌਰ ਦੀ ਸੰਗਤ ਦਾ ਵਡਾ ਹਾਲ ਕਮਰਾ ਵਿਖਾਇਆ। ਸੰਤ ਸਿੰਘ ਨੇ ਕੈਂਬਲਪੁਰ ਤਾਰ ਦੇ ਕੇ ਪੁਲਸ



www.AKJ.Org

ਮੰਗਵਾਈ ਹੋਈ ਸੀ ਤੇ ਜਥੇ ਦੇ ਜਾਣ ਤੋਂ ਪਹਿਲਾਂ ਸੌ ਸਿਪਾਹੀ ਗੁਰਦੁਆਰਾ ਸਾਹਿਬ ਵਿਖੇ ਪੁਜ ਗਿਆ ਹੋਇਆ ਸੀ। ਜਦ ਇਹ ਹਾਲ ਕਮਰੇ ਵਿਚ ਪੁਜੇ ਤਾਂ ਛੇਤੀ ਛੇਤੀ ਇਕ ਥਾਣੇਦਾਰ, ਤਿੰਨ ਚਾਰ ਸਿਪਾਹੀਆਂ ਨਾਲ ਉਸ ਹਾਲ ਕਮਰੇ ਵਿਚ ਆਇਆ ਅਤੇ ਜ਼ਰਾ ਜੋਸ਼ ਵਿਚ ਆ ਕੇ ਕਿਹਾ ਕਿ ਇਸ ਵਿਚ ਸਾਡੀ ਪੁਲੀਸ ਫ਼ੋਰਸ ਉਤਰੇਗੀ, ਤੁਸੀਂ ਬਾਹਰ ਨਿਕਲ ਜਾਓ। ਉਤਰ ਵਿਚ ਸ: ਅਮਰ ਸਿੰਘ ਝੱਬਾਲ ਨੇ ਕਿਹਾ, "ਜ਼ਰਾ ਹੋਸ਼ ਨਾਲ ਬੋਲੋ, ਅਸੀਂ ਤੇਰੀ ਪੁਲੀਸ ਨੂੰ ਕੀ ਜਾਣਦੇ ਹਾਂ! ਤੂੰ ਕੌਣ ਹੈਂ ਤਮਾਕੂਨੋਸ਼? ਪੁਲੀਸ ਗੁਰਦੁਆਰਾ ਸਾਹਿਬ ਵਿਖੇ ਸਮੇਤ ਵਰਦੀ ਦਾਖ਼ਲ ਨਹੀਂ ਹੋ ਸਕਦੀ।"

ਝੱਬਰ ਨੇ ਕਿਹਾ, "ਥਾਣੇਦਾਰ ਸਾਹਿਬ! ਪਿਛੇ ਹੱਟ ਜਾਓ, ਆਪ ਦੇ ਜੋਸ਼ ਵਿਖਾਣ ਦਾ ਇਥੇ ਕੋਈ ਮਤਲਬ ਨਹੀਂ।" ਥਾਣੇਦਾਰ ਬਾਹਰ ਨਿਕਲ ਗਿਆ। ਪਰ ਇਹ ਥਾਂ ਜਥੇ ਦੇ ਪਸੰਦ ਨਾ ਆਈ। ਕਿਉਂਕਿ ਇਥੇ ਸੰਗਤਾਂ ਬਹੁਤ ਆਉਂਦੀਆਂ ਸਨ, ਅਤੇ ਥੋੜੇ ਥਾਂ ਵਿਚ ਜਥੇ ਦਾ ਗੁਜ਼ਾਰਾ ਵੀ ਨਹੀਂ ਹੋ ਸਕਦਾ ਸੀ। ਸੋ, ਇਸ ਕਮਰੇ ਨੂੰ ਜੰਦਰਾ ਲਾ ਦਿਤਾ ਗਿਆ ਤੇ ਚਾਬੀ ਭਾਈ ਸੰਤ ਸਿੰਘ ਨੂੰ ਦੇ ਦਿਤੀ। ਭਾਈ ਸੰਤ ਸਿੰਘ ਨੇ ਇਕ ਹੋਰ ਕਮਰਾ ਵਿਖਾਇਆ, ਜਿਹੜਾ ਆਏ ਗਏ ਅਫ਼ਸਰਾਂ ਵਾਸਤੇ ਸੀ। ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਮੇਜ਼ ਕੁਰਸੀ ਤੇ ਇਕ ਫੂੜ ਪਿਆ ਸੀ। ਝੱਬਰ ਨੇ ਸਿੰਘਾਂ ਨੂੰ ਕਿਹਾ ਕਿ ਇਹ ਕਮਰਾ ਸਾਫ਼ ਕਰ ਲਵੋ। ਤਾਂ ਸਿੰਘਾਂ ਨੇ ਝੱਟ ਪਟ ਕਮਰਾ ਸਾਫ਼ ਕਰ ਕੇ ਡੇਰੇ ਲਾ ਦਿਤੇ। ਥੋੜਾ ਦਿਨ ਰਹਿੰਦਿਆਂ ਭਾਈ ਸੰਤ ਸਿੰਘ ਆਇਆ ਤੇ ਜਥੇ ਦੇ ਪ੍ਰਸ਼ਾਦ ਲਈ ਪੁਛਿਆ। ਜਥੇ ਦੇ ਪਾਸ ਲੰਗਰ ਵਾਸਤੇ ਆਪਣਾ ਫ਼ੰਡ ਤਾਂ ਕੋਈ ਹੈ ਨਹੀਂ ਸੀ। ਸਿੰਘਾਂ ਨੇ ਆਪਣੀ ਹੱਥੀਂ ਪਕਾਣ ਲਈ ਰਸਦ ਦੀ ਮੰਗ ਕੀਤੀ। ਰਸਦ ਮਿਲ ਗਈ,ਤੇ ਜਥੇ ਨੇ ਲੰਗਰ ਆਪ ਤਿਆਰ ਕਰ ਕੇ ਛੱਕਿਆ।

ਰਾਤ ਦੇ ੧੦ ਵਜੇ ਭਾਈ ਉਤਮ ਚੰਦ ਬਜ਼ਾਜ਼ ਸਹਿਜਧਾਰੀ ਸਿਖ ਨੇ ਝੱਬਰ ਨੂੰ ਆ ਕੇ ਦਸਿਆ ਕਿ ਇਥੇ ਹਰ ਮਹੀਨੇ ਮੰਡੀ ਲਗਦੀ ਹੈ। ਬਾਹਰ ਮਾਲ ਮੰਡੀ ਲਗੀ ਹੋਈ ਹੈ ਤੇ ਸੰਤ ਸਿੰਘ ਬਦਮਾਸ਼ਾਂ ਨੂੰ ਤੁਹਾਡੇ ਨਾਲ ਲੜਨ ਵਾਸਤੇ ਪ੍ਰੇਰ ਰਿਹਾ ਹੈ। ਬਾਹਰ ਦਰਸ਼ਨੀ ਡਿਉਢੀ ਦੇ ਨਾਲ ਚਾਰ ਕਮਰਿਆਂ ਵਿਚ ਉਹ ਬਦਮਾਸ਼ ਆ ਕੇ ਬੈਠੇ ਹੋਏ ਹਨ। ਝੱਬਰ ਨੇ ਨੇੜੇ ਜਾ ਕੇ ਹਨੇਰੇ ਵਿਚ ਹੀ ਕੰਨ ਲਾਏ ਤਾਂ ਉਹ ਗੱਲਾਂ ਕਰਦੇ ਸੁਣਾਈ ਦਿਤੇ। ਪੁਲੀਸ ਨਾਲ ਮੈਜਿਸਟਰੇਟ ਸ: ਰਤਨ ਸਿੰਘ* ਤਹਿਸੀਲਦਾਰ ਆਇਆ ਹੋਇਆ ਸੀ। ਉਹ ਝੱਬਰ ਨੂੰ ਆਉਂਦਿਆਂ ਹੀ ਮਿਲਿਆ ਤੇ ਉਸ ਨੇ ਆਖਿਆ ਕਿ ਆਪਣਾ ਕੰਮ ਚੁਪ-ਚਾਪ ਕਰੀ ਜਾਓ, ਲੜਾਈ ਨਹੀਂ ਕਰਨੀ। ਝੱਬਰ ਸਰਦਾਰ ਰਤਨ ਸਿੰਘ ਨੂੰ ਉਸੇ ਵੇਲੇ ਜਾ ਕੇ ਮਿਲੇ ਅਤੇ ਦਸਿਆ ਕਿ ਸੰਤ ਸਿੰਘ ਨੇ ਮੁਸਲਮਾਨ ਬਦਮਾਸ਼ਾਂ ਨੂੰ ਲਿਆ ਕੇ, ਇਨ੍ਹਾਂ ਚਹੁੰਆਂ ਕਮਰਿਆਂ ਵਿਚ ਸਾਡੇ ਨਾਲ ਲੜਨ ਲਈ ਬਿਠਾਇਆ ਹੋਇਆ ਹੈ। ਤਹਿਸੀਲਦਾਰ ਸਾਹਿਬ ਨੇ ਪੁਲੀਸ ਇਨਸਪੈਕਟਰ ਨੂੰ ਬੁਲਾ ਕੇ ਸਾਰੀ ਗੱਲ ਸਮਝਾ ਦਿਤੀ ਤੇ ਹੁਕਮ ਦਿਤਾ ਕਿ ਇਨ੍ਹਾਂ ਸਾਰੇ ਬਦਮਾਸ਼ਾਂ ਨੂੰ ਗ੍ਰਿਫਤਾਰ ਕਰ ਲਵੋ। ਇਨਸਪੈਕਟਰ ਨੇ ਸੀਟੀ ਮਾਰੀ ਤਾਂ ਪੁਲੀਸ ਝਟ ਪਟ ਇਕੱਠੀ ਹੋ ਗਈ। ਕਮਰਿਆਂ ਦੇ ਸਾਹਮਣੇ ਪੁਲੀਸ ਖੜੀ ਕਰ ਕੇ ਲੈਂਪ ਲਿਆ ਕੇ ਬੂਹੇ ਖੋਲ੍ਹੇ। ਕਮਰਿਆਂ ਅੰਦਰ ਚਾਲੀ ਪੰਜਾਹ ਮੁਸਲਮਾਨ ਸਨ, ਜਿਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਥਾਣੇ ਪੁਚਾ ਦਿਤਾ ਗਿਆ। ਇਸ ਦੀ ਖ਼ਬਰ ਸਾਰੇ ਸ਼ਹਿਰ ਵਿਚ ਹੋ ਗਈ।

ਪੰਜਾ ਸਾਹਿਬ ਦੇ ਨੇੜੇ ਭਾਈ ਬੁਧੂ ਸ਼ਾਹ ਸਢੌਰੇ ਵਾਲੇ ਦੇ ਖ਼ਾਨਦਾਨ ਦਾ ਇਕ ਪਿੰਡ ਹੈ। ਉਥੋਂ ਇਨ੍ਹਾਂ ਦੇ ਖ਼ਾਨਦਾਨ ਦੇ ਦੋ ਸਮਝਦਾਰ ਸਜਣ ਜਥੇ ਪਾਸ ਪੁਜੇ ਤੇ ਰਾਤ ਦੀ ਸਾਰੀ ਗੱਲ ਪੁਛੀ ਅਤੇ ਕਿਹਾ, ਅਸੀਂ ਪੀਰ ਬੁਧੂ ਸ਼ਾਹ ਦੇ ਖ਼ਾਨਦਾਨ ਵਿਚੋਂ ਹਾਂ. ਜੇ ਤੁਹਾਨੂੰ ਕਿਸੇ ਵੇਲੇ ਆਦਮੀਆਂ ਦੀ ਲੋੜ ਹੋਵੇ ਤਾਂ ਜਿਤਨੇ ਆਪ ਨੂੰ ਲੋੜ ਹੋਣ, ਅਸੀਂ ਲੈ ਕੇ ਆਵਾਂਗੇ। ਉਤਰ ਵਿਚ ਜਥੇਦਾਰ ਜੀ ਨੇ ਸਯਦ ਸਾਹਿਬ ਦਾ ਧੰਨਵਾਦ ਕੀਤਾ ਤੇ ਆਖਿਆ ਕਿ ਲੋੜ ਪਈ ਤਾਂ ਅਸੀਂ ਆਪ ਨੂੰ ਇਹ ਖ਼ਬਰ ਕਰਾਂਗੇ। ਝੱਬਰ ਵੀਹ ਦਿਨ ਪੰਜੇ ਸਾਹਿਬ ਠਹਿਰਿਅ

*ਇਹ ਸ: ਰਤਨ ਸਿੰਘ ਪਿੰਡ ਵਰਨ ਜ਼ਿਲਾ ਸ਼ੇਖ਼ੂਪੁਰਾ ਦਾ ਝੱਬਰ ਦੀ ਵਿਰਕ ਬਰਾਦਰੀ ਵਿਚੋਂ ਹੀ ਸੀ।



www.AKJ.Org

ਰਿਹਾ ਸੀ ਤੇ ਇਹ ਪ੍ਰੇਮੀ ਕਈ ਵਾਰ ਮਿਲਦੇ ਰਹੇ।

ਸਵੇਰੇ ਉਠ ਕੇ ਗੁਰਦੁਆਰਾ ਸਾਹਿਬ ਵਿਚ ਰਾਗੀ ਸਿੰਘਾਂ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ। ਜਦ ਵਾਰ ਦੇ ਚਾਰ ਸਲੋਕ ਰਹਿ ਗਏ, ਤਾਂ ਝੱਬਰ ਨੇ ਮਹੰਤ ਸੰਤ ਸਿੰਘ ਨੂੰ ਕਿਹਾ, ਬਾਕੀ ਦੇ ਚਾਰ ਸਲੋਕ ਸਾਡਾ ਰਾਗੀ ਜਥਾ, ਜੋ ਨਾਲ ਆਇਆ ਹੋਇਆ ਹੈ, ਲਾਵੇਗਾ। ਉਨ੍ਹਾਂ ਨੂੰ ਵਕਤ ਦਿਤਾ ਜਾਵੇ। ਭਾਈ ਸੰਤ ਸਿੰਘ ਨੇ ਵਕਤ ਦੇਣ ਤੋਂ ਇਨਕਾਰ ਕਰ ਦਿਤਾ।

ਆਸਾ ਦੀ ਵਾਰ ਦੇ ਭੋਗ ਉਪਰੰਤ ਸੰਗਤ ਵਿਚੋਂ ਇਕ ਲਾਲਾ ਰਾਮ ਚੰਦ ਜੀ ਉਠੇ। ਇਸ ਨੇ ਜਥੇ ਦੇ ਬਰਖ਼ਿਲਾਫ਼ ਇਸ ਤਰ੍ਹਾਂ ਬੋਲਣਾ ਸ਼ੁਰੂ ਕੀਤਾ, "ਹਸਨ ਅਬਦਾਲ ਕੇ ਹਿੰਦੂ ਭਾਈਓ ! ਯਿਹ ਲੋਗ, ਜੋ ਗੁਰਦੁਆਰਾ ਸਾਹਿਬ ਮੇਂ ਆਏ ਹੈਂ, ਮੈਂ ਇਨ ਕੇ ਮੁਤਅਲਿਕ ਕੁਛ ਬਤਾਨਾ ਚਾਹਤਾ ਹੂੰ। ਮੈਂ ਇਨ ਸਭ ਸਿੰਘੋਂ ਕੋ ਤੋ ਨਹੀਂ ਜਾਨਤਾ, ਮਗਰ ਇਨ ਕੇ ਜਥੇਦਾਰ ਝੱਬਰ ਸਾਹਿਬ ਕੋ ਅਛੀ ਤਰ੍ਹਾਂ ਜਾਨਤਾ ਹੂੰ। ਮੈਂ ਸ਼ਾਹਦਰਾ ਔਰ ਸਾਂਗਲਾ ਕੇ ਦਰਮਿਆਨ ਜੋ ਨਈ ਰੇਲ ਬਨੀ ਥੀ, ਵਹਾਂ ਚਾਰ ਸਾਲ ਠੇਕੇਦਾਰ ਰਹਾ ਥਾ। ਇਸ ਇਲਾਕੇ ਮੇਂ ਜੱਟ ਸਿਖੋਂ ਕੀ ਏਕ ਵਿਰਕ ਕੌਮ ਆਬਾਦ ਹੈ, ਜੋ ਖ਼ੈਬਰ ਕੇ ਪਠਾਨੋਂ ਕੀ ਤਰ੍ਹਾਂ ਚੋਰ ਡਾਕੂ ਔਰ ਸਭ ਕੇ ਸਭ ਬਦਮਾਸ਼ ਹੈਂ। ਉਨ ਮੇਂ ਸੇ ਯਿਹ ਝੱਬਰ ਸਾਹਿਬ ਭੀ ਹੈਂ। ਅਬ ਯਿਹ ਲੋਗ ਗੁਰਦੁਆਰੇ ਪਰ ਕਬਜ਼ਾ ਕਰਨੇ ਕੇ ਲੀਏ ਆਏ ਹੈਂ। ਅਗਰ ਇਨ ਲੋਗੋਂ ਨੇ ਗੁਰਦੁਅ ਰੇ ਪਰ ਕਬਜ਼ਾ ਕਰ ਲੀਆ ਤੋ ਯਿਹ ਇਨ ਕਾ ਅੱਡਾ ਬਨ ਜਾਵੇਗਾ ਔਰ ਯੇਹ ਲੋਗ ਹਸਨ ਅਬਦਾਲ ਕੇ ਹਿੰਦੂਓਂ ਕੀ ਖ਼ੂਬਸੂਰਤ ਲੜਕੀਆਂ ਔਰ ਔਰਤੇਂ ਉਠਾ ਕਰ ਲੇ ਜਾਵੇਂਗੇ।" ਲਾਲਾ ਜੀ ਇਹ ਆਖ ਕੇ ਬੈਠ ਗਏ।

ਝੱਬਰ ਉਠ ਖਲੋਤਾ ਤਾਂ ਲਾਲਾ ਜੀ ਕਹਿਣ ਲਗੇ ਕਿ ਆਪ ਨਹੀਂ ਬੋਲ ਸਕਦੇ। ਉਤਰ ਵਿਚ ਝੱਬਰ ਨੇ ਜ਼ਰਾ ਰੋਹਬ ਭਰੇ ਲਹਿਜੇ ਵਿਚ ਆਖਿਆ, "ਚੁੱਪ ਰਹੋ, ਜਵਾਬ ਸੁਣੋ।" ਆਪ ਬੋਲੇ, "ਪਿਆਰੀ ਸਾਧ ਸੰਗਤ ਜੀ, ਲਾਲਾ ਰਾਮ ਚੰਦ ਨੇ ਜੋ ਮੇਰੀ ਬਾਬਤ ਕਿਹਾ ਹੈ, ਇਸ ਦੇ ਉਤਰ ਦੇਣ ਦੀ ਕੋਈ ਲੋੜ ਨਹੀਂ ਭਾਸਦੀ, ਪਰ ਇਨ੍ਹਾਂ ਨੇ ਜੋ ਮੇਰੀ ਕੌਮ ਅਤੇ ਮੇਰੇ ਪੰਥ ਉਤੇ ਝੂਠੇ ਇਲਜ਼ਾਮ ਲਾਏ ਹਨ, ਉਨ੍ਹਾਂ ਦਾ ਉਤਰ ਦੇਣਾ ਮੈਂ ਜ਼ਰੂਰੀ ਸਮਝਦਾ ਹਾਂ। ਆਪ ਜ਼ਰਾ ਧਿਆਨ ਨਾਲ ਸੁਣੋ। ਇਸ ਨੇ ਮੇਰੀ ਬਰਾਦਰੀ ਵਿਰਕਾਂ ਦੀ ਬਾਬਤ ਜੋ ਕਿਹਾ ਹੈ, ਤੇ ਖ਼ੈਬਰ ਦੇ ਪਠਾਣਾਂ ਦੀ ਜੋ ਮਸਾਲ ਦਿਤੀ ਹੈ, ਮੈਂ ਕਹਿੰਦਾ ਹਾਂ ਕਿ ਵਿਰਕ ਇਨ੍ਹਾਂ ਤੋਂ ਵੀ ਵੱਧ ਹਨ। ਸਰਦਾਰ ਹਰੀ ਸਿੰਘ ਨਲੂਏ ਦੀ ਫੌਜ, ਜਿਸ ਨੇ ਦਰਾ ਖ਼ੈਬਰ ਦੇ ਸ਼ਾਹਰਾਹ ਨੂੰ ਬੰਦ ਕਰ ਵਿਖਾਇਆ ਸੀ, ਇਹ ਸਾਰੀ ਵਿਰਕਾਂ ਦੀ ਹੀ ਸੀ। ਕਈ ਵਿਰਕ ਨੌਜਵਾਨ ਬੇਸ਼ਕ ਮਨਚਲੇ ਆਦਮੀ ਹਨ, ਪਰ ਸਾਰੀ ਕੌਮ ਇਕ ਤਰ੍ਹਾਂ ਦੀ ਨਹੀਂ ਹੋ ਸਕਦੀ। ਸਾਡੇ ਵਿਚ ਵਕੀਲ, ਅਫ਼ਸਰ, ਸਫ਼ੇਦਪੋਸ਼, ਜ਼ੈਲਦਾਰ, ਚੰਗੀ ਚੰਗੀ ਹੈਸੀਅਤ ਰਖਣ ਵਾਲੇ ਆਦਮੀ ਵੀ ਹਨ। ਪਰ ਅਸੀਂ ਬਾਣੀਏ ਕੌਮ ਨਹੀਂ। ਸਾਡੇ ਜੱਟਾਂ ਵਿਚ ਆਜ਼ਾਦ ਖ਼ਿਆਲਾਂ ਦੇ ਆਦਮੀ ਵੀ ਹੁੰਦੇ ਹਨ। ਦੂਜਾ ਲਾਲਾ ਜੀ ਨੇ ਆਖਿਆ ਹੈ ਕਿ ਇਹ ਲੋਗ ਗੁਰਦੁਆਰੇ ਤੇ ਕਬਜ਼ਾ ਕਰ ਕੇ, ਆਪਣਾ ਹੈਡ ਕੁਆਰਟਰ ਬਣਾ ਕੇ ਹਿੰਦੂਆਂ ਦੀਆਂ ਔਰਤਾਂ ਜਬਰਨ ਛੀਨ ਕੇ ਲੈ ਜਾਣਗੇ, ਇਹ ਉਨ੍ਹਾਂ ਇਕ ਪਹਾੜ ਜੇਡਾ ਝੂਠ ਬੋਲਿਆ ਹੈ ਅਤੇ ਇਨਸਾਫ਼ ਦਾ ਖ਼ੂਨ ਕੀਤਾ ਹੈ। ਤੁਸੀਂ ਸ਼ਹਿਰੀ ਲੋਕ ਲਿਖੇ ਪੜ੍ਹੇ ਹੋ, ਹਿੰਦੁਸਤਾਨ ਦੀ ਤਾਰੀਖ਼ ਪੜ੍ਹ ਕੇ ਦੇਖੋ, ਜੋ ਵੀ ਬਾਦਸ਼ਾਹ ਹਿੰਦੁਸਤਾਨ ਤੇ ਚੜ੍ਹ ਕੇ ਆਇਆ ਹੈ, ਹਿੰਦੂਆਂ ਦੀਆਂ ਖ਼ੂਬਸੂਰਤ ਔਰਤਾਂ ਤੇ ਸੋਨਾ ਆਦਿ ਲੁਟ ਕੇ ਲੈ ਜਾਂਦਾ ਰਿਹਾ ਹੈ ਅਤੇ ਇਥੇ ਰਹਿਣ ਵਾਲੇ ਪਠਾਣ ਤੇ ਸਯੱਦ ਹਿੰਦੂਆਂ ਦੇ ਡੋਲੇ, ਦੋ ਦੋ ਰਾਤਾਂ ਰਖ ਕੇ ਜਾਣ ਦੇਂਦੇ ਸਨ। ਤੁਸੀਂ ਇਹ ਕਿਤੇ ਨਹੀਂ ਵੇਖੋਗੇ ਕਿ ਕੋਈ ਗੁਰੂ ਕਾ ਸਿਖ ਹਿੰਦੂ ਲੜਕੀ ਆਪਣੇ ਘਰ ਲੈ ਗਿਆ ਹੋਵੇ, ਸਗੋਂ ਸਾਡੇ ਬਜ਼ੁਰਗ ਆਪਣੇ ਸਿਰ ਦੇ ਕੇ ਮੁਸਲਮਾਨ ਜਰਵਾਣਿਆਂ ਪਾਸੋਂ ਹਿੰਦੂ ਲੜਕੀਆਂ ਛੁੜਵਾ ਕੇ ਹਿੰਦੂਆਂ ਦੇ ਘਰੀਂ ਪਹੁੰਚਾਉਂਦੇ ਸਨ। ਸੰਮਤ ੧੯੫੩ ਵਿਚ ਸ਼ਾਹ ਜ਼ਮਾਨ ਦੇ ਜਰਨੈਲ ਅਹਿਮਦ ਖ਼ਾਂ ਸਾਹਿੰਚੀ ਪਾਸੋਂ ਖਾਲਸੇ ਨੇ ਸੋਲ੍ਹਾਂ ਹਜ਼ਾਰ ਲੜਕੀਆਂ ਖੋਹ ਕੇ ਹਿੰਦੂਆਂ ਦੇ ਘਰੀਂ ਪਹੁੰਚਾਈਆਂ। ਲਾਲਾ ਜੀ ਨੂੰ ਖਾਲਸੇ ਉਤੇ ਹਿੰਦੂ ਲੜਕੀਆਂ ਉਠਾ ਕੇ ਲੈ ਜਾਣ ਦਾ ਝੂਠਾ ਇਲਜ਼ਾਮ ❋



www.AKJ.Org

# ਸ੍ਰੀ ਪੰਜਾ ਸਾਹਿਬ ਦੇ ਸ਼ਹੀਦ ਪ੍ਰਤਾਪ ਸਿੰਘ ਜੀ

[ਸ: ਸੰਗਤ ਸਿੰਘ ਹੀਰਾ, ਡੀ-੨੩੭, ਨਹਿਰੂ ਵਿਹਾਰ, ਦਿਲੀ ੭]

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਪੰਨਾ ੧੧੦੫)

ਅਕਾਲੀ ਲਹਿਰ ਉਸ ਸਮੇਂ ਪੂਰੇ ਜੋਬਨ ਵਿਚ ਸੀ, ਜਦ "ਗੁਰੂ ਕੇ ਬਾਗ" ਵਿਖੇ ਮੋਰਚਾ ਲਗਾ ਹੋਇਆ ਸੀ। ਅੰਗਰੇਜ਼ ਲਾਠੀਆਂ ਅਤੇ ਗੋਲੀਆਂ ਨਾਲ ਸਿੱਖਾਂ ਨੂੰ ਅਜ਼ਮਾ ਰਿਹਾ ਸੀ । ਰੋਜ਼ ਜਥੇ "ਗੁਰੂ ਕੇ ਬਾਗ" ਪਹੁੰਚ ਰਹੇ ਹਨ। ਇਹ ਖ਼ਬਰਾਂ ਰੋਜ਼ ਸਿੱਖ ਜਗਤ ਵਿੱਚ ਪੁਜਦੀਆਂ । ਇਸ ਨਾਲ ਕੌਮ ਵਿੱਚ ਨਿਰਾਸਾ ਦੀ ਬਜਾਏ ਉਤਸ਼ਾਹ ਤੇ ਜੋਸ਼ ਪੈਦਾ ਹੁੰਦਾ, ਕੁਰਬਾਨੀ ਲਈ ਉਮੰਗ ਉਠਦੀ ਤੇ ਸਿੱਖ-ਸੰਗਤਾਂ ਜਥਿਆਂ ਵਿਚ ਸ਼ਾਮਲ ਹੋਣ ਲਈ ਕੂਚ ਕਰ ਦਿੰਦੀਆਂ ।

ਦਿਨ-ਬ-ਦਿਨ ਮੋਰਚੇ ਵਿੱਚ ਸ਼ਾਮਲ ਸਿੱਖ ਸ਼ੰਗਤਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਇਨ੍ਹਾਂ ਦਿਨਾਂ ਵਿਚ ੫੦੦ ਫੌਜੀ ਪਿਨਸ਼ਨੀਆਂ ਦਾ ਇਕ ਜਥਾ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਾਮਲ ਹੋਇਆ। ਇਸ ਜਥੇ ਨੂੰ ਗ੍ਰਿਫਤਾਰ ਕਰ ਕੇ ਅਤੇ ਸਖ਼ਤ ਸਜ਼ਾ ਸੁਣਾ ਕੇ ਸ੍ਰੀ ਅੰਮ੍ਰਿਤਸਰ ਤੋਂ ਗੱਡੀ ਰਾਹੀਂ ਅਟਕ ਵਲ ਭੇਜਿਆ ਜਾ ਰਿਹਾ ਸੀ।

ਜਦੋਂ ਪੰਜਾ ਸਾਹਿਬ ਦੀ ਸੰਗਤ ਨੂੰ ਇਹ ਸੂਚਨਾ ਮਿਲੀ ਤਾਂ ਉਸ ਨੇ ਸਟੇਸ਼ਨ ਤੇ ਭੁਖੇ ਕੈਦੀ ਸਿੰਘਾਂ ਨੂੰ ਲੰਗਰ-ਪਾਣੀ ਛਕਾਉਣ ਦਾ ਫ਼ੈਸਲਾ ਕੀਤਾ। ਸਿੱਖ ਸੰਗਤਾਂ ਲੰਗਰ ਲੈ ਕੇ, ਸ਼ਬਦ ਗਾਉਂਦੀਆਂ ਗਡੀ ਦੇ ਆਉਣ ਤੋਂ ਪਹਿਲਾਂ ਸਟੇਸ਼ਨ ਤੇ ਪੁਜ ਗਈਆਂ । ਸਟੇਸ਼ਨ-ਮਾਸਟਰ ਨੇ ਸੰਗਤਾਂ ਨੂੰ ਦਸਿਆ ਕਿ ਗਡੀ ਸਟੇਸ਼ਨ ਤੇ ਖੜੀ ਨਹੀਂ ਹੋਣੀ। ਇਸ ਲਈ ਸ਼ਰਧਾਲੂ ਸਿੰਘਾਂ ਨੇ ਸ: ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿਚ ਰੇਲ ਦੀ ਲਾਈਨ ਤੇ ਧਰਨਾ ਮਾਰਨ ਦਾ ਫ਼ੈਸਲਾ ਕਰ ਲਿਆ।

ਜਦ "ਗੁਰੂ ਕੇ ਬਾਗ" ਦੇ ਸਤਿਆ ਗ੍ਰਹੀਆਂ ਦੀ ਸਪੈਸ਼ਲ ਗਡੀ ਸਟੇਸ਼ਨ ਤੇ ਆਉਣ ਵਾਲੀ ਸੀ ਤਾਂ ਪ੍ਰਤਾਪ ਸਿੰਘ ਜੀ ਨੇ ਸਟੇਸ਼ਨ-ਮਾਸਟਰ ਨੂੰ ਬੇਨਤੀ ਕੀਤੀ ਕਿ ਥੋੜੀ ਦੇਰ ਲਈ ਗਡੀ ਖੜੀ ਕੀਤੀ ਜਾਵੇ। ਪਰ ਸਟੇਸ਼ਨ-ਮਾਸਟਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ। ਉਧਰ ਗਡੀ ਸਟੇਸ਼ਨ ਤੋਂ ਬਾਹਰ ਸਿਗਨਲ ਪਾਸੋਂ ਚੀਕਾਂ ਮਾਰਦੀ ਵਧਦੀ ਆ ਰਹੀ ਸੀ। ਗਡੀ ਨੂੰ ਵਧਦਿਆਂ ਆਉਂਦਾ ਵੇਖਿਆ ਤਾਂ ਸਿੰਘਾਂ ਨੇ ਮਿੰਨਤਾਂ ਤਰਲੇ ਕਰਨ ਦੀ ਥਾਂ ਸਤਿਗੁਰਾਂ ਅਗੇ ਅਰਦਾਸ ਕੀਤੀ :

"ਹੇ ਸੱਚੇ ਪਾਤਸ਼ਾਹ ! ਦੋ ਕਰ ਜੋੜ ਜੋਦੜੀ ਹੈ, ਭੁਖੇ-ਭਾਣੇ ਆ ਰਹੇ ਸਿੰਘਾਂ ਲਈ ਪ੍ਰਸ਼ਾਦ ਤਿਆਰ ਹੈ। ਆਪ ਨੇ ਸਹਾਇਤਾ ਕਰਨੀ, ਇਹ ਪ੍ਰਸ਼ਾਦ ਛਕ ਕੇ ਜਾਣ।"

ਸ: ਪ੍ਰਤਾਪ ਸਿੰਘ ਜੀ ਦੀ ਅਗਵਾਈ ਵਿਚ ਸਿੱਖ ਸੰਗਤਾਂ ਰੇਲਵੇ ਲਾਈਨ ਦੇ ਵਿਚਕਾਰ ਬੈਠ ਗਈਆਂ। ਇਥੇ ਵਿਸ਼ੇਸ਼ ਦਸਣ ਵਾਲੀ ਗੱਲ ਇਹ ਹੈ ਕਿ ਸ: ਕਰਮ ਸਿੰਘ ਜੀ, ਜੋ ਪੰਜਾ ਸਾਹਿਬ ਦੇ ਦਰਸ਼ਨ ਕਰਨ ਆਏ

---

* ਲਾਉਣ ਲਗਿਆਂ ਰਤੀ ਭਰ ਸ਼ਰਮ ਨਹੀਂ ਆਈ।" ਉਪਰੰਤ ਅਰਦਾਸਾ ਹੋ ਕੇ ਦੀਵਾਨ ਸਮਾਪਤ ਹੋ ਗਿਆ।

ਡੇਰੇ ਆ ਕੇ ਸ: ਅਮਰ ਸਿੰਘ ਜੀ ਨੇ ਝੱਬਰ ਜੀ ਨੂੰ ਫਿਰ ਆਖਿਆ, "ਝੱਬਰ ਜੀ ! ਵੇਖ ਲਿਆ ਜੇ, ਇਹ ਸ਼ਹਿਰ ਹਿੰਦੂਆਂ ਦਾ ਹੈ। ਸਿਖਾਂ ਦੀ ਇਥੇ ਕੋਈ ਤਾਕਤ ਨਹੀਂ ਹੈ। ਇਥੇ ਫ਼ਸਾਦ ਹੋ ਜਾਣ ਦਾ ਅੰਦੇਸ਼ਾ ਹੈ, ਇਸ ਲਈ ਚਲੋ ਵਾਪਸ ਚਲੀਏ।" ਝੱਬਰ ਨੇ ਉਤਰ ਦਿਤਾ, "ਠੀਕ ਹੈ, ਇਥੇ ਸਿਖਾਂ ਦੀ ਕੋਈ ਤਾਕਤ ਨਹੀਂ, ਪਰ ਅਸੀਂ ਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਰਦਾਸਾ ਸੋਧ ਕੇ ਪੰਜਾ ਸਾਹਿਬ ਦਾ ਕਬਜ਼ਾ ਲੈਣ ਲਈ ਤੁਰੇ ਹਾਂ। ਤੁਸੀਂ ਜਾਣਾ ਹੈ ਤਾਂ ਬੜੀ ਖ਼ੁਸ਼ੀ ਨਾਲ ਚਲੇ ਜਾਓ।" ਸਰਦਾਰ ਅਮਰ ਸਿੰਘ ਜੀ ਗਡੀ ਚੜ੍ਹ ਕੇ ਐਬਟਾਬਾਦ ਚਲੇ ਗਏ।

[ਚਲਦਾ]

["ਜਥੇਦਾਰ ਕਰਤਾਰ ਸਿੰਘ ਝੱਬਰ" ਪੁਸਤਕ ਵਿਚੋਂ



www.AKJ.Org

ਹੋਏ ਸਨ, ਉਹ ਵੀ ਸ਼ਹੀਦੀ ਦੇਣ ਲਈ ਸ਼ਾਮਲ ਹੋ ਗਏ। ਡਰਾਈਵਰ ਨੇ ਬੜੀਆਂ ਸੀਟੀਆਂ ਮਾਰੀਆਂ, ਪਰ ਸਿੰਘਾਂ ਦਾ ਸਿਦਕ ਨਾ ਡੋਲਿਆ ਅਤੇ ਰੇਲਵੇ-ਪਟੜੀ ਤੇ ਡਟੇ ਰਹੇ। ਇੰਜਣ ਚੀਕਦਾ ਹੋਇਆ ਅਗੇ ਵਧਿਆ। ਜਿਉਂ ਹੀ ਉਸ ਦੇ ਪਹੀਏ ਸ: ਪ੍ਰਤਾਪ ਸਿੰਘ ਅਤੇ ਸ: ਕਰਮ ਸਿੰਘ ਜੀ ਦੇ ਸੀਨਿਆਂ ਤੋਂ ਗੁਜ਼ਰੇ, ਉਥੇ ਹੀ ਜਾਮ ਹੋ ਕੇ ਅਟਕ ਗਏ। ਸ: ਕਰਮ ਸਿੰਘ ਜੀ ਮੌਕੇ ਤੇ ਹੀ ਸ਼ਹੀਦ ਹੋ ਗਏ ਤੇ ਸ: ਪ੍ਰਤਾਪ ਸਿੰਘ ਜੀ ਇੰਜਣ ਦੇ ਪਹੀਏ ਥਲੇ ਦਬ ਗਏ। ਜਦ ਉਨ੍ਹਾਂ ਨੂੰ ਇੰਜਣ ਦੇ ਪਹੀਏ ਵਿਚੋਂ ਕਢਿਆ ਗਿਆ ਤਾਂ ਉਹ ਔਖੇ ਸਾਹ ਲੈ ਰਹੇ ਸਨ। ਫਿਰ ਵੀ ਉਨ੍ਹਾਂ ਦੇ ਮੂੰਹੋਂ ਇਹੋ ਬਚਨ ਨਿਕਲੇ ਕਿ ਪਹਿਲਾਂ ਭੁਖੇ ਸਿੰਘਾਂ ਨੂੰ ਲੰਗਰ-ਪਾਣੀ ਛਕਾਉ, ਫਿਰ ਸਾਡਾ ਖ਼ਿਆਲ ਕਰਨਾ।

ਇਹ ਦਰਦਨਾਕ ਨਜ਼ਾਰਾ ਵੇਖ ਕੇ ਲੰਗਰ ਕਿਸ ਨੇ ਛਕਣਾ ਸੀ, ਪਰ ਪਿਆਰ ਭਰਿਆ ਲੰਗਰ ਲੈ ਸਭ ਨੇ ਲਿਆ। ਹੰਝੂਆਂ ਭਰੀਆਂ ਅੱਖਾਂ ਨਾਲ ਉਹ ਫਿਰ ਗਡੀ ਵਿਚ ਜਾ ਬੈਠੇ। ਗਡੀ ਟੁਰ ਗਈ। ਸ: ਪ੍ਰਤਾਪ ਸਿੰਘ ਜੀ ਨੂੰ ਬਹੁਤ ਚੋਟਾਂ ਲਗੀਆਂ। ਇਸ ਘਟਨਾ ਤੋਂ ਕੁਝ ਘੰਟੇ ਬਾਅਦ ਉਨ੍ਹਾਂ ਨੇ ਗੁਰਦੁਆਰਾ ਪੰਜਾ ਸਾਹਿਬ ਵਿਖੇ ੩੦ ਅਕਤੂਬਰ ੧੯੨੨ ਨੂੰ ਪ੍ਰਾਣ ਤਿਆਗ ਦਿਤੇ।

੩੧ ਅਕਤੂਬਰ ੧੯੨੨ ਨੂੰ ਸ਼ਹੀਦ ਕਰਮ ਸਿੰਘ ਜੀ ਅਤੇ ਸ਼ਹੀਦ ਪ੍ਰਤਾਪ ਸਿੰਘ ਜੀ ਦਾ ਸਸਕਾਰ ਕਰਨ ਲਈ, ਫੁੱਲਾਂ ਨਾਲ ਸਜੇ ਹੋਏ ਬਬਾਣ ਵਿਚ ਪਾ ਕੇ ਸਾਰੇ ਰਾਵਲਪਿੰਡੀ ਸ਼ਹਿਰ ਵਿਚ ਇਕ ਵਡਾ ਜਲੂਸ ਕਢਿਆ ਗਿਆ, ਜਿਸ ਵਿਚ ਸ਼ਹਿਰ ਅਤੇ ਸ਼ਹਿਰ ਤੋਂ ਬਾਹਰ ਦੇ ਸ਼ਰਧਾਲੂ ਸ਼ਾਮਲ ਸਨ। ਜਲੂਸ ਜਿਨ੍ਹਾਂ ਬਜ਼ਾਰਾਂ ਵਿਚੋਂ ਦੀ ਨਿਕਲਿਆ, ਸ਼ਹੀਦਾਂ ਦੀ ਦੇਹ'ਤੇ ਫੁਲਾਂ ਦੀ ਵਰਖਾ ਹੁੰਦੀ ਰਹੀ। ਅੰਤ ਪੰਜ-ਭੂਤਕ ਸਰੀਰਾਂ ਨੂੰ ਰਾਵਲਪਿੰਡੀ ਸ਼ਹਿਰ ਦੀ ਮਸਾਣ-ਭੂਮੀ ਵਿਖੇ ਅਗਨ-ਭੇਟਾ ਕੀਤਾ ਗਿਆ। ਇਹ ਜਲੂਸ ਬੇਮਿਸਾਲ ਸੀ।

ਸ਼ਹੀਦ ਪ੍ਰਤਾਪ ਸਿੰਘ ਜੀ ਬਾਰੇ ਦਸਿਆ ਜਾਂਦਾ ਹੈ ਕਿ ਉਹ ਪੂਰਨ ਗੁਰਸਿੱਖੀ ਜੀਵਨ ਵਾਲੇ ਗੁਰਸਿਖ ਸਨ। ਫੌਜੀ ਦਫ਼ਤਰ ਵਿਚ ਕੰਮ ਕਰਦੇ ਸਨ। ਨਨਕਾਣਾ ਸਾਹਿਬ ਦੇ ਸਾਕੇ ਦਾ ਆਪ ਤੇ ਬੜਾ ਭਾਰੀ ਪ੍ਰਭਾਵ ਪਿਆ, ਜਿਸ ਕਰਕੇ ਆਪ ਨੇ ਕਾਲੀ ਦਸਤਾਰ ਸਜਾਉਣੀ ਸ਼ੁਰੂ ਕਰ ਦਿਤੀ ਸੀ। ਆਪ ਦੀ ਕਾਲੀ ਦਸਤਾਰ ਅੰਗਰੇਜ਼ ਅਫ਼ਸਰ ਬਰਦਾਸ਼ਤ ਨਹੀਂ ਕਰ ਸਕੇ ਤੇ ਆਪ ਨੂੰ ਨੌਕਰੀ ਛਡਣ ਲਈ ਮਜਬੂਰ ਹੋਣਾ ਪਿਆ। ਨੌਕਰੀ ਛਡਣ ਤੋਂ ਬਾਅਦ ਆਪ ਗੁਰਦੁਆਰਾ ਪੰਜਾ ਸਾਹਿਬ ਵਿਖੇ ਖ਼ਜ਼ਾਨਚੀ ਲਗ ਗਏ ਤੇ ਆਪਣੀ ਸੇਵਾ ਦੀਆਂ ਜ਼ਿਮੇਵਾਰੀਆਂ ਬੜੀ ਨਿਮਰਤਾ, ਪਿਆਰ ਅਤੇ ਲਗਨ ਨਾਲ ਨਿਭਾਉਂਦੇ ਰਹੇ।

ਇਕ ਦਿਨ ਆਪ ਦਾ ਬੱਚਾ ਤ੍ਰਿਲੋਚਨ ਸਿੰਘ, ਜੋ ਦੋ ਵਰ੍ਹਿਆ ਦਾ ਸੀ, ਗੁਰਦਵਾਰਾ ਸਾਹਿਬ ਵਿਖੇ ਖੇਡਦਾ ਹੋਇਆ ਗਰਮ ਪਾਣੀ ਦੇ ਪਤੀਲੇ ਵਿਚ ਡਿਗ ਪਿਆ ਤੇ ਅੰਤਮ ਵਿਛੋੜਾ ਦੇ ਗਿਆ। ਆਪ ਨੇ ਇਹ ਸਭ ਆਪਣੀਆਂ ਅੱਖਾਂ ਨਾਲ ਵੇਖਿਆ, ਪਰ ਇਸ ਨੂੰ ਉਨ੍ਹਾਂ ਨੇ ਅਕਾਲ-ਪੁਰਖ ਦਾ ਭਾਣਾ ਕਰਕੇ ਪੂਰੇ ਸਿਦਕ ਨਾਲ ਮੰਨਿਆ। ਆਪ ਦੇ ਦਿਲ ਵਿਚ ਸਿੱਖੀ ਲਈ ਅਥਾਹ ਪਿਆਰ ਸੀ ਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਸੰਸਾਰ ਨੂੰ ਮਿਥਿਆ ਕਰ ਕੇ ਮੰਨਦੇ ਸਨ। ਤੇ ਪੂਰਨ ਗੁਰਸਿੱਖਾਂ ਵਾਂਗ ਹੀ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਪ੍ਰਤਾਪ ਸਿੰਘ ਦੀ ਵਿਧਵਾ ਸੁਪਤਨੀ, ਬੀਬੀ ਹਰਨਾਮ ਕੌਰ ਸੰਬੰਧੀ ਇਕ ਲੇਖ ਦਾਸ ਵਲੋਂ ਅਖ਼ਬਾਰਾਂ ਵਿਚ ਛਪਵਾਇਆ ਗਿਆ ਅਤੇ ਨਾਲ ਹੀ ਉਸ ਵੇਲੇ ਦੇ ਪੰਜਾਬ ਦੇ ਮੁਖ ਮੰਤਰੀ ਗਿ: ਜ਼ੈਲ ਸਿੰਘ ਨੂੰ (ਜੋ ਭਾਰਤ ਦੇ ਰਾਸ਼ਟਰਪਤੀ ਰਹਿ ਚੁਕੇ ਹਨ) ਨੂੰ ਵੀ ਇਕ ਚਿਠੀ ਲਿਖੀ ਕਿ ਸ਼ਹੀਦ ਦੀ ਸਿੰਘਣੀ ਬੁਢਾਪੇ ਦੇ ਦਿਨ ਆਪਣੀ ਲੜਕੀ ਬੀਬੀ ਜੋਗਿੰਦਰ ਕੌਰ ਕੋਲ ਲਾਜਪਤ ਨਗਰ (ਜੋ ਹੁਣ ਗਰੇਟਰ ਕੈਲਾਸ਼ ਵਿਚ ਨਿਵਾਸ ਰਖਦੇ ਹਨ) ਰਹਿ ਰਹੀ ਹੈ। ਗਿਆਨੀ ਜੀ ਚਿਠੀ ਮਿਲਣ ਤੋਂ ਤੁਰੰਤ ਪਿਛੋਂ ਲਾਜਪਤ ਨਗਰ ਵਿਖੇ ਸ਼ਹੀਦ ਦੇ ਪ੍ਰਵਾਰ ਨੂੰ ੧੯ ਸਤੰਬਰ ੧੯੭੯ ਨੂੰ ਮਿਲੇ ਅਤੇ ੫੦੦੦.੧, ਰੁਪਏ ਦੀ ਥੈਲੀ ਸ਼ਹੀਦ ਪਤਨੀ ਨੂੰ ਭੇਟਾ ਕੀਤੀ। ਨਾਲ ਹੀ ਤਿੰਨ ਸੌ ਰੁਪਏ ਮਹੀਨੇ ਦੀ ਪੈਨਸ਼ਨ ਵੀ ਲਾਈ ਗਈ। ਬੀਮਾਰੀ ਦੇ ਇਲਾਜ ਲਈ ਵੀ ਸਾਰਾ ਖ਼ਰਚਾ ਦੇਣ ਦੀ ਪੇਸ਼ਕਸ਼ ਕੀਤੀ। ਗਿਆਨੀ ਜੀ ਦੇ ਜਤਨ ਨਾਲ ੩੧ ਅਕਤੂਬਰ ੧੯੭੯ ਨੂੰ ਸ਼ਹੀਦ ਦੇ ਪਰਵਾਰ ਨੂੰ


[ਬਾਕੀ ਸਫ਼ਾ ੨੭ ਹੇਠ ਵੇਖੋ]


www.AKJ.Org

# ਗੰਭੀਰ ਸਮਾਜਕ ਕੁਹਜ

[ਸ: ਬਲਵਿੰਦਰਪਾਲ ਸਿੰਘ ਜੀ, ਸੰਪਾਦਕ, 'ਸਾਡਾ ਵਿਰਸਾ ਸਾਡਾ ਗੌਰਵ', ਲੁਧਿਆਣਾ]

ਆਲੇ-ਦੁਆਲੇ ਨੂੰ ਸਮੁੱਚੇ ਤੌਰ ਤੇ ਵੇਖਿਆਂ ਤਾਂ ਇਉਂ ਲੱਗਦਾ ਹੈ ਜਿਵੇਂ ਸਮਾਜ ਨੇਂ ਬੜੀ ਉੱਨਤੀ ਕਰ ਲਈ ਹੈ। ਸਰੀਰਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋਇਆ ਹੈ, ਭਵਨ-ਉਸਾਰੀ ਦਾ ਪਸਾਰ ਹੋਇਆ ਹੈ, ਉਤਪਾਦਕੀ ਖੇਤਰਾਂ ਵਿਚ ਪਦਾਰਥਕ ਖਲੇਰ ਬਹੁਤ ਵਧ ਗਿਆ ਹੈ, ਭਾਂਤ-ਭਾਂਤ ਦੀਆਂ ਸਹੂਲਤਾਂ ਦੀ ਇਕੱਤਰਤਾ ਵੀ ਮਨੁੱਖ ਕੋਲ ਵਧਦੀ ਜਾ ਰਹੀ ਹੈ। ਕੁਦਰਤੀ ਸਾਧਨਾਂ ਦੇ ਸ਼ੋਸ਼ਣ ਕਰਨ ਵਿਚ ਵੀ ਮਨੁੱਖ ਨੇ ਭਾਰੀ ਸਫਲਤਾਵਾਂ ਹਾਸਲ ਕੀਤੀਆਂ ਹਨ। ਅਕਾਸ਼ੀ ਤੇ ਪਤਾਲੀ ਖੋਜਾਂ ਕਰ ਕੇ ਮਨੁੱਖ ਨੇ ਪ੍ਰਕਿਰਤੀ ਦੇ ਭੇਦਾਂ ਦਾ ਗਿਆਨ ਪ੍ਰਾਪਤ ਕਰ ਕੇ ਬੜਾ ਮਾਣ ਖੱਟਿਆ ਹੈ। ਵਿਦਿਅਕ ਯੋਗਤਾਵਾਂ ਦੇ ਪੱਖ ਤੋਂ ਸਮਾਜ ਵਿਚ ਡਿਗਰੀ-ਹੋਲਡਰਾਂ ਦੀ ਭਰਮਾਰ ਹੈ।

ਪਰ ਉਪਰੋਕਤ ਹਾਲਤ ਦੇ ਨਾਲ-ਨਾਲ ਜੇ ਸਮਾਜਕ ਕੁਹਜ ਵੱਲ ਵੀ ਝਾਤੀ ਮਾਰੀਏ ਤਾਂ ਇਸ ਦੀ ਗੰਭੀਰਤਾ ਤੋਂ ਚਿੰਤਤ ਹੋਏ ਬਗ਼ੈਰ ਕੋਈ ਨਹੀਂ ਰਹਿ ਸਕਦਾ। **ਵਿਸ਼ਵਾਸ, ਇਮਾਨਦਾਰੀ, ਘਾਲਣਾ ਅਤੇ ਨਿਆਂ** ਦੇ ਚਾਰ ਥੰਮ੍ਹ, ਸਮਾਜਕ ਮਹੱਲ ਦੀ ਬੁਲੰਦੀ ਨੂੰ ਯਕੀਨੀ ਬਣਾਉਂਦੇ ਹਨ। ਸਾਡੇ ਸਮਾਜ ਦੇ ਇਹਨਾਂ ਚਾਰੇ ਥੰਮ੍ਹਾਂ ਵਿਚ ਡੂੰਘੀਆਂ ਤਰੇੜਾਂ ਆਈਆਂ ਦਿੱਸਦੀਆਂ ਹਨ।

**ਵਿਸ਼ਵਾਸ** ਦਾ ਥੰਮ੍ਹ, ਮਾਨਵੀ ਵਰਤਾਰੇ ਦਾ ਭਾਰ ਚੰਗੀ ਤਰ੍ਹਾਂ ਸਹਾਰਨ ਯੋਗ ਨਹੀਂ ਰਿਹਾ। ਸ਼ੱਕ ਦੀ ਸੇਮ ਅਤੇ ਅਵਿਸ਼ਵਾਸ ਦਾ ਜੰਗਾਲ ਇਸ ਥੰਮ੍ਹ ਦੀ ਕੰਕਰੀਟ ਅਤੇ ਲੋਹੇ ਨੂੰ ਨਕਾਰਾ ਕਰ ਰਹੇ ਹਨ। ਘਰ ਦੇ ਅੰਦਰ, ਗਲੀ ਮੁਹੱਲੇ ਦੇ ਅੰਦਰ, ਪਿੰਡ-ਕਸਬੇ ਅਤੇ ਸ਼ਹਿਰ ਦੇ ਅੰਦਰ ਲੋਕਾਂ ਵਿਚ ਪ੍ਰਸਪਰ ਵਿਸ਼ਵਾਸ ਦੀ ਓਟ ਹਟਦੀ ਜਾਂ ਰਹੀ ਹੈ। ਵਿਭਿੰਨ ਵਰਗਾਂ ਦੇ ਲੋਕਾਂ ਵਿਚ ਵੀ ਇਕ ਦੂਜੇ ਉੱਤੇ ਵਿਸ਼ਵਾਸ ਕਰਨ ਦੀ ਪ੍ਰਵਿਰਤੀ ਘਟਦੀ ਨਜ਼ਰ ਆਉਂਦੀ ਹੈ। ਜਦੋਂ ਲੋਕ ਜ਼ਾਹਰਾ ਤੌਰ ਤੇ ਵਿਸ਼ਵਾਸਘਾਤ ਹੁੰਦਾ ਤੱਕਦੇ ਹਨ, ਭਰੋਸੇ ਦਾ ਕਤਲ ਹੁੰਦਾ ਵੇਖਦੇ ਹਨ ਤਾਂ ਉਹਨਾਂ ਨੂੰ ਵਿਸ਼ਵਾਸਯੋਗ ਬੰਦਿਆਂ ਤੇ ਵੀ ਸ਼ਕ ਹੋਣ ਲੱਗਦਾ ਹੈ।

ਅਵਿਸ਼ਵਾਸ ਵਧਣ ਦਾ ਦੂਜਾ ਕਾਰਨ ਹੈ **ਈਮਾਨਦਾਰੀ** ਦੇ ਥੰਮ੍ਹ ਦਾ ਤਿੜਕ ਜਾਣਾ। ਦਿਨ ਪ੍ਰਤੀ ਦਿਨ, ਵਧੇਰੇ ਲੋਕਾਂ ਦਾ ਇਹ ਈਮਾਨ ਬਣਦਾ ਜਾ ਰਿਹਾ ਹੈ ਕਿ "ਹੁਣ ਸ਼ਰਾਫ਼ਤ ਦਾ ਯੁੱਗ ਨਹੀਂ ਰਿਹਾ", "ਈਮਾਨਦਾਰੀ ਦਾ ਵੀ ਕੋਈ ਸਮਾਂ ਏ ਜੀ ਹੁਣ !' "ਕਮਜ਼ੋਰੀ ਅਤੇ ਬੇਮੌਕੇ ਦਾ ਨਾਮ ਈਮਾਨਦਾਰੀ ਹੈ।" ਹੁਣ ਗੱਲ ਸਪੱਸ਼ਟ ਹੈ, ਜਦੋਂ ਈਮਾਨਦਾਰੀ ਤੋਂ ਮੂੰਹ ਮੋੜ ਲਿਆ, ਬੇਈਮਾਨੀ, ਝੂਠ, ਧੋਖਾ ਅਤੇ ਫ਼ਰੇਬ ਦਾ ਵਰਤਾਰਾ ਪਸਰਨਾ ਹੀ ਹੋਇਆ ! ਜਿਹਨੂੰ-ਜਿਹਨੂੰ ਇਸ ਵਤੀਰੇ ਦਾ ਧੱਕਾ ਲੱਗਾ, ਉਸ ਦੇ ਅੰਦਰ ਅਵਿਸ਼ਵਾਸ ਵਧਣ ਲੱਗਾ। "ਸਤੂ ਬਿਉਹਾਰ" ਅਤੇ "ਸ਼ੁੱਭ ਚਿੰਤਨ" ਦੀ ਥਾਵੇਂ "ਮੰਦਾ ਚਿਤਵਣ" ਅਤੇ "ਧੋਖਾ ਦੇਣ" ਦੇ ਸੰਸਕਾਰ ਸਮਾਜ ਵਿਚ ਬੜੇ ਪ੍ਰਫੁੱਲਤ ਹੋਏ ਹਨ। ਜਿਨ੍ਹਾਂ ਨੂੰ ਇਹ ਅਧਿਕਾਰ ਮਿਲੇ ਹੋਏ ਹਨ ਕਿ ਉਹ ਧੋਖੇ ਤੇ ਬੇਈਮਾਨੀਆਂ ਦੀ ਘੋਖ ਕਰ ਕੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ, ਉਹ ਆਪ ਹੀ ਬੇਈਮਾਨ ਬਣ ਵੱਢੀਆਂ ਲੈ ਕੇ ਆਪਣੇ ਹੱਕ ਨੂੰ ਗੁਆ ਰਹੇ ਹਨ। ਹੇਠਾਂ ਤੋਂ ਲੈ ਕੇ ਉੱਪਰ ਤਕ ਬਹੁਗਿਣਤੀ ਅਧਿਕਾਰੀ ਆਪਣਾ ਈਮਾਨ ਰੋਜ਼ ਹੀ ਵੇਚਦੇ ਹਨ। ਇਸ ਸੰਬੰਧੀ ਕੋਈ ਖੋਜ-ਕਮੇਟੀ ਵੀ ਬਿਠਾਉਣ ਦੀ ਲੋੜ ਨਹੀਂ, ਚਿੱਟੇ ਦਿਨ ਵਾਂਗ ਇਹ ਗੱਲ ਹਰ ਆਮ ਖ਼ਾਸ ਕੋਲੋਂ ਪਤਾ ਲੱਗ ਸਕਦੀ ਹੈ। ਅਜਿਹੀ ਹਾਲਤ "ਕੌਣ ਕਿਸ ਨੂੰ ਪੁੱਛੇ ਤੇ ਕੌਣ ਕਿਸ ਨੂੰ ਫੜੇ ?" ਵਾਲੀ ਬਣੀ ਹੋਈ ਹੈ ?

**ਘਾਲਣਾ** ਦਾ ਥੰਮ੍ਹ ਮਾਨਵੀ ਸਮਾਜ ਦੀ ਮਜ਼ਬੂਤੀ ਦਾ ਸਬੱਬ ਹੁੰਦੈ। ਮਨਾਂ ਦੀ ਖੋਟ ਵਧਣ ਕਾਰਨ ਕੋਈ ਵੀ ਮੁਸ਼ੱਕਤ ਕਰਨੀ ਨਹੀਂ ਚਾਹੁੰਦਾ। ਮਿਹਨਤ ਦੀ ਕਮਾਈ ਵਿਚ ਬਰਕਤ ਤਾਂ ਬੜੀ ਏ, ਪਰ ਕਲਯੁਗ ਵਿਚ ਖੋਟ ਦੀ ਕਮਾਈ ਬੜੀ ਵਧਦੀ ਹੈ। 'ਚੋਰਾਂ ਯਾਰਾਂ ਤੇ ਕੂੜਿਆਰਾਂ' ਦਾ ਟੋਲਾ ਦਿਨੋ ਦਿਨ ਪ੍ਰਸਪਰ ਸਹਿਯੋਗ ਤੇ ਸਹਿਹੋਂਦ ਨਾਲ ਖ਼ੁਸ਼ਹਾਲ ਹੁੰਦਾ ਜਾ ਰਿਹੈ। ਘਾਲਣਾ ਘਾਲਣ ਵਾਲਿਆਂ ਨੂੰ ਆਪਣਾ ਪੂਰਾ



www.AKJ.Org

ਹੱਕ ਨਹੀਂ ਮਿਲਦਾ, ਮਨ ਡੋਲ ਜਾਂਦਾ ਹੈ ਅਤੇ ਘਾਲਣਾ ਘਾਲਣ ਨਾਲੋਂ ਲੋਕ ਜਾਲ੍ਹਸਾਜ਼ੀ ਅਤੇ ਘੱਪਲੇਬਾਜ਼ੀ ਨੂੰ ਬਿਹਤਰ ਸਮਝਣ ਲੱਗਦੇ ਹਨ। ਹੇਰਾ-ਫੇਰੀ ਦੇ ਮਾਹਿਰ ਵਿਅਕਤੀ ਤਾਂ ਕਿਰਤ ਘਾਲਣਹਾਰਿਆਂ ਨੂੰ ਨਾਦਾਨ, ਬੇਸਮਝ, ਕਮਜ਼ੋਰ ਅਤੇ ਵਿਚਾਰੇ ਹੀ ਸਮਝਦੇ ਹਨ। ਜਿਨ੍ਹਾਂ ਨੇ ਮਿਹਨਤ ਕਰ ਕੇ ਜੀਅ-ਜਾਨ ਨਾਲ ਕਮਾਈਆਂ ਕੀਤੀਆਂ ਹਨ, ਉਹਨਾਂ ਨੂੰ ਹੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਦੇ ਸਵਾਦ ਦਾ ਅਨੁਭਵ ਹੈ। ਮਿਹਨਤ ਨਾ ਕਰਨ ਦੀ ਵਧਦੀ ਆਦਤ ਮਨੁੱਖੀ ਸਮਾਜ ਨੂੰ ਖੋਖਲਾ ਕਰਦੀ ਜਾਂਦੀ ਹੈ। ਵਿਹਲੜਪਣ, ਆਲਸ ਅਤੇ ਤੀਲਾ ਤੋੜੇ ਬਿਨਾਂ ਭੰਡਾਰੇ ਭਰਨ ਦੀ ਰੁਚੀ ਸਾਡੇ ਸਮਾਜ ਦਾ ਕੂੜ ਤੇ ਕੁਹਜ ਹਨ। "ਸਖ਼ਤ ਇਮਾਨਦਾਰ ਡੰਡਾ ਸ਼ਕਤੀ" ਦੀ ਘਾਟ ਕਾਰਨ ਇਹ ਕੁਹਜ ਬੜੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ।

"ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ*" ਦੀ ਸਥਿਤੀ ਅੱਜ ਵੀ ਸਾਰਥਕ ਹੈ। **ਨਿਆਂ** ਦਾ ਥੰਮ੍ਹ ਵੀ ਅਨਿਆਂ ਦੇ ਭਾਰ ਹੇਠ ਦੱਬਿਆ ਨਜ਼ਰ ਆਉਂਦਾ ਹੈ। ਇਥੇ ਨਾ ਤਾਂ ਵਿਅਕਤੀਗਤ ਨਿਆਂ ਯਕੀਨੀ ਹੈ ਅਤੇ ਨਾ ਹੀ ਵਿਭਿੰਨ ਵਰਗਾਂ ਨੂੰ ਨਿਆਂ ਮਿਲਦਾ ਹੈ। ਜਿੱਥੇ ਕਿਤੇ ਨਿਆਂ ਦੀ ਵਿਵਸਥਾ ਹੈ ਵੀ, ਉਥੇ ਗਿਆਨ-ਵਿਹੂਣੀ-ਪਰਜਾ ਇਸ ਯੋਗ ਨਹੀਂ ਕਿ ਉਹ ਇਨਸਾਫ਼ ਦੀ ਪ੍ਰਾਪਤੀ ਕਰ ਸਕੇ। ਅਸੁਰੱਖਿਆ ਦੀ ਭਾਵਨਾ ਸਮਾਜ਼ ਦੇ ਲੋਕਾਂ ਅੰਦਰ ਲਗਾਤਾਰ ਵਧੀ ਹੈ। ਸਤਿਅਮ, ਸ਼ਿਵਮ ਤੇ ਸੁੰਦਰਮ ਦੇ ਅਸੂਲਾਂ ਨੂੰ ਆਦਰਸ਼ ਮੰਨ ਕੇ ਚੱਲਣ ਵਾਲੇ ਇਸ ਮਹਾਨ ਦੇਸ਼ ਦੇ ਹਰ ਚੌਂਕ ਵਿਚ ਸ਼ਰਾਬ ਪੀਣ ਦੇ ਦੇਸੀ ਅਤੇ ਅੰਗਰੇਜ਼ੀ ਦੋ ਦੋ ਠੇਕੇ ਹਨ। ਲੋਕ, ਸ਼ਰਾਬ ਪੀ ਕੇ ਬੋਅ ਮਾਰਦੇ ਜਿਧਰ ਨੂੰ ਜੀਅ ਆਵੇ, ਜਾ ਅਤੇ ਖਰੂਦ ਮਚਾ ਸਕਦੇ ਹਨ।

ਵਾਤਾਵਰਣ ਨੂੰ ਸ਼ੁੱਧ ਕਰਨ ਦਾ ਪ੍ਰਚਾਰ ਤਾਂ ਵੱਡੇ ਪੱਧਰ ਤੇ ਕੀਤਾ ਜਾ ਰਿਹਾ ਹੈ, ਪਰ ਸਿਗਰਟਾਂ ਦੇ ਧੂੰਏਂ ਨੂੰ ਜਨਤਕ ਥਾਵਾਂ ਤੋਂ ਹਟਾਉਣ ਲਈ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਸ਼ਾਸਨ ਅਤੇ ਪ੍ਰਸ਼ਾਸਨ ਦੀ ਯੋਗਤਾ ਅਤੇ ਕੁਸ਼ਲਤਾ ਦੇ ਪੱਧਰ ਦੀ ਤਰਸਯੋਗ ਹਾਲਤ ਦਾ ਅੰਦਾਜ਼ਾ ਤਾਂ ਹੜ੍ਹਾਂ, ਸੋਕਿਆਂ, ਬਿਮਾਰੀ, ਬੇਕਾਰੀ, ਬਦਕਾਰੀ ਤੇ ਘਪਲੇਬਾਜ਼ੀਆਂ ਤੋਂ ਲੋਕ ਰੋਜ਼ ਹੀ ਲਗਾਂਦੇ ਹਨ।

ਦਿਖਾਵਾ, ਫੋਕੀ ਆਧੁਨਿਕਤਾ, ਪੱਛਮੀ ਰੰਗ ਵਿਚ ਰੰਗੇ ਜਾਣ ਦੀ ਕਾਹਲ, ਬੇਅਰਥ ਸਮਾਜਕ ਰਵਾਇਤਾਂ ਸਾਡੇ ਸਮੁਦਾਇ ਦਾ ਵੱਡਾ ਕੁਹਜ ਹਨ। ਧਾਰਮਕ ਵਿਸ਼ਵਾਸਾਂ ਵਾਲੇ ਵਿਅਕਤੀ, ਦੂਜੇ ਧਰਮ ਦੇ ਲੋਕਾਂ ਨੂੰ ਜਦੋਂ ਨਫ਼ਰਤ ਅਤੇ ਉਦਾਸੀਨ ਭਾਵਨਾ ਨਾਲ ਵੇਖਦੇ ਹਨ ਤਾਂ ਇਹ ਵੀ ਸਮਾਜਕ ਕੁਹਜ ਦਾ ਰੂਪ ਬਣ ਜਾਂਦਾ ਹੈ। ਧਰਮ ਦੀ ਸੁੱਚਤਾ ਤੇ ਉੱਚਤਾ ਦੀ ਮਹਿਕ ਧਰਮੀ ਦੇ ਵਿਉਹਾਰ ਚੋਂ ਆਉਣੀ ਚਾਹੀਦੀ ਹੈ।

ਗੁਰਬਾਣੀ ਦੇ ਗਿਆਨ ਨੂੰ ਅਸੀਂ ਰੋਜ਼ਾਨਾ ਜੀਵਨ ਵਿਚਰਣ ਵਿਚ ਲਾਗੂ ਨਹੀਂ ਕੀਤਾ। ਜੇਕਰ ਪੂਰੀ ਵੀਚਾਰ ਨਾਲ ਗੁਰਬਾਣੀ ਦੇ ਰਹੱਸ ਅਤੇ ਆਦੇਸ਼ ਨੂੰ ਸਮਾਜ ਵਿਚ ਲਾਗੂ ਕਰ ਦਈਏ ਤਾਂ ਸਮਾਜਕ ਕੁਹਜ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਸੱਚੀ ਸੁੱਚੀ ਨੀਯਤ ਤੇ ਪੱਕੀ ਧੁੰਨ ਵਾਲੇ ਸ਼ਾਸਕਾਂ ਤੇ ਪ੍ਰਸ਼ਾਸਕਾਂ ਤੋਂ ਹੀ ਇਹ ਆਸ ਕਰਨੀ ਚਾਹੀਦੀ ਹੈ ਕਿ ਉਹ ਸਮਾਜ-ਸੁਧਾਈ ਦੇ ਕੰਮ ਨੂੰ ਸਿਰੇ ਲਾ ਸਕਣਗੇ। ਲਾਲਚੀ, ਸਵਾਰਥੀ, ਆਲਸੀ, ਅਤੇ ਅਕੁਸ਼ਲ ਅਧਿਕਾਰੀਆਂ ਉੱਤੇ ਹੀ ਸਮਾਜਕ ਕੁਹਜ ਦੀ ਜ਼ਿੰਮੇਵਾਰੀ ਆਉਂਦੀ ਹੈ।

ਅਜੋਕੇ ਸਮਾਜਕ ਕੁਹਜ ਨੂੰ ਸੁਖਮਨੀ ਸਾਹਿਬ ਵਿਚ ਇਉਂ ਦ੍ਰਿਸ਼ਟਾਇਆ ਗਿਆ ਹੈ :

ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥<br>
ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥<br>
ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥<br>
ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥<br>
ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥੪॥

ਆਓ, ਕੁਹਜ ਦੀ ਥਾਂ ਸੁਹਜ, ਇਆਣਪ ਦੀ ਥਾਂ ਸਿਆਣਪ, ਕੱਚ ਦੀ ਥਾਂ ਸੱਚ, ਮੰਦੇ ਚਿੱਤ ਦੀ ਥਾਂ ਚੰਗੇ ਚਿੱਤ ਅਤੇ ਕਲਾ-ਕਲੇਸ਼ ਦੀ ਥਾਂ ਕਲਾ-ਕੌਸ਼ਲ ਨੂੰ ਪ੍ਰਫੁਲਤ ਤੇ ਪ੍ਰੇਰਿਤ ਕਰਨ ਲਈ ਆਪਾ ਸੰਵਾਰੀਏ ਤੇ ਸਮਾਜ ਸੰਵਾਰਨ ਲਈ ਜੱਥੇਬੰਦ ਹੋਈਏ।

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੦



www.AKJ.Org

# ਸਿੰਘਾਂ ਦਾ ਦਿੱਲੀ 'ਤੇ ਕਬਜ਼ਾ

[ਡਾਕਟਰ ਗੁਰਚਰਨ ਸਿੰਘ ਜੀ]

ਸਿੱਖ ਕੌਮ ਦਾ ਇਤਿਹਾਸ 500 ਸਾਲ ਪੁਰਾਣਾ ਹੈ, ਪਰ ਇਸ ਦੀ ਬੀਰਤਾ ਦੇ ਕਿੱਸੇ, ਸ਼ਹਾਦਤ ਦੇ ਅਫ਼ਸਾਨੇ ਤੇ ਮੌਤ ਨਾਲ ਅਠਖੇਲੀਆਂ ਦੀਆਂ ਕਹਾਣੀਆਂ ਘਰ-ਘਰ ਦੀ ਚਰਚਾ ਹਨ। ਸੰਸਾਰ-ਇਤਿਹਾਸ ਵਿਚ ਅਨੇਕਾਂ-ਕੌਮਾਂ ਨੇ ਜਨਮ ਲਿਆ, ਉੱਨਤੀ ਕੀਤੀ ਤੇ ਨਿੱਘਰ ਗਈਆਂ। ਪਰ ਇਸ ਕੌਮ ਨੇ ਹਰ ਸੱਟ ਸਹਿਣ ਪਿੱਛੋਂ ਨਵੀਂ ਸ਼ਕਤੀ ਪ੍ਰਾਪਤ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ 75 ਸਾਲਾਂ ਦੇ ਅੰਦਰ-ਅੰਦਰ ਸਿੱਖ ਪੰਜਾਬ ਦੇ ਮਾਲਕ ਤਾਂ ਬਣ ਹੀ ਚੁਕੇ ਸਨ, ਪ੍ਰੰਤੂ ਦਿੱਲੀ ਉਪਰ ਵੀ ਕਬਜ਼ਾ ਕਰਨ ਵਿਚ ਸਫਲ ਹੋ ਗਏ ਸਨ।

ਦਿੱਲੀ ਉਪਰ ਹਮਲਾ ਕਰਨ ਵਾਲਾ ਕਰੋੜ ਸਿੰਘੀਆ ਮਿਸਲ ਦਾ ਆਗੂ ਸ. ਬਘੇਲ ਸਿੰਘ ਸੀ। ਉਹ ਬੁੰਗਾ, ਨਵਾਂ ਸ਼ਹਿਰ, ਰੁੜਕਾ, ਜਿੱਤਣ ਕਾਰਨ ਆਪਣਾ ਅਧਿਕਾਰ-ਖੇਤਰ ਵਧਾਉਣ ਵਿਚ ਸਫਲ ਹੋ ਚੁਕਾ ਸੀ। 1764 ਵਿਚ ਸਰਹਿੰਦ ਦੇ ਸੂਬੇਦਾਰ ਜ਼ੈਨ ਖਾਂ ਦੇ ਕਤਲ ਪਿੱਛੋਂ ਉਸ ਦੀ ਸ਼ਕਤੀ ਵਿਚ ਹੋਰ ਵਾਧਾ ਹੋ ਗਿਆ। ਉਸ ਨੇ ਮਾਰਕੰਡਾ ਤੇ ਜਮਨਾ ਦਰਿਆਵਾਂ ਵਿਚਾਲੇ ਦੇ ਬਹੁਤ ਸਾਰੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਕਰਨਾਲ ਦੇ ਨੇੜੇ ਛਲੌਦੀ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਦਿੱਲੀ ਦੇ ਹਾਲਾਤ ਦੀ ਘੋਖ ਕਰਨੀ ਸ਼ੁਰੂ ਕਰ ਦਿੱਤੀ।

ਦਿੱਲੀ ਵਿਚ ਉਸ ਸਮੇਂ ਮਿਰਜ਼ਾ ਗੌਹਰ ਅਲੀ 'ਸ਼ਾਹ ਆਲਮ' ਦਾ ਰਾਜ ਸੀ। ਉਸ ਦੀ ਹਕੂਮਤ ਵੀ ਨਾਮ ਮਾਤਰ ਹੀ ਸੀ। ਸ: ਬਘੇਲ ਸਿੰਘ ਦੀ ਆਪਣੀ ਫੌਜ ਕੇਵਲ 12000 ਹੀ ਸੀ। ਉਸ ਨੇ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਦੀ ਸਹਾਇਤਾ ਨਾਲ 40 ਹਜ਼ਾਰ ਸਿੰਘਾਂ ਦੀ ਅਗਵਾਈ ਕੀਤੀ ਤੇ ਦਿੱਲੀ ਤੇ ਹੱਲਾ ਬੋਲ ਦਿੱਤਾ। ਖਾਲਸਾ ਦਲ ਨੇ ਮਜਨੂੰ ਦੇ ਟਿੱਲੇ ਪਾਸ ਜਾ ਡੇਰੇ ਲਾਏ ਤੇ ਅਜਮੇਰੀ ਦਰਵਾਜ਼ੇ ਰਾਹੀਂ ਸ਼ਹਿਰ 'ਚ ਦਾਖ਼ਲ ਹੋ ਗਏ। ਸ਼ਹਿਰ ਦੇ ਕਈ ਬਾਜ਼ਾਰਾਂ, ਕੱਟੜਾ ਨੀਲਾ ਤੇ ਮੁਗਲ ਮੁਹੱਲੇ ਤੇ ਕਬਜ਼ਾ ਕਰ ਲਿਆ। ਸ਼ਹਿਰ ਵਿਚ ਭਗਦੜ ਮੱਚ ਗਈ।

ਬਾਦਸ਼ਾਹ ਸ਼ਾਹ ਆਲਮ ਨੇ ਬੇਗਮ ਸਮਰੂ ਤੇ ਆਪਣੇ ਵੱਡੇ ਵਜ਼ੀਰ ਦੀ ਸਲਾਹ ਨਾਲ ਬਘੇਲ ਸਿੰਘ ਤੱਕ ਪਹੁੰਚ ਕੀਤੀ। ਸ: ਬਘੇਲ ਸਿੰਘ ਨੇ ਬਾਦਸ਼ਾਹ ਨੂੰ ਅਨਿਆਂ ਬੰਦ ਕਰਨ ਲਈ ਕਿਹਾ। ਉਸ ਨੇ ਸਿੰਘਾਂ ਦੇ ਗੁਰਦੁਆਰੇ ਬਣਾਉਣ, ਤਿੰਨ ਲੱਖ ਰੁਪਏ ਹਰਜਾਨਾ ਦੇਣ, ਚੁੰਗੀ ਵਸੂਲ ਕਰਨ ਦੇ ਅਧਿਕਾਰ ਦੀ ਮੰਗ ਕੀਤੀ। ਜਦ ਤੱਕ ਗੁਰਦੁਆਰੇ ਨਾ ਬਣਾਏ ਜਾਣ ਤਾਂ ਸਰਦਾਰ ਬਘੇਲ ਸਿੰਘ ਨੇ 4000 ਸਿੰਘਾਂ ਨਾਲ ਦਿੱਲੀ ਵਿਚ ਹੀ ਟਿਕੇ ਰਹਿਣ ਦਾ ਫ਼ੈਸਲਾ ਵੀ ਦੱਸਿਆ। ਬਾਦਸ਼ਾਹ ਨੇ ਇਹ ਸ਼ਰਤਾਂ ਮਨਜ਼ੂਰ ਕਰ ਲਈਆਂ। ਦਿੱਲੀ ਚਿ ਰਹਿ ਕੇ ਸ: ਬਘੇਲ ਸਿੰਘ ਨੇ ਤੇਲੀਵਾੜਾ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦੀ ਰਿਹਾਇਸ਼) ਗੁਰਦੁਆਰਾ, ਮੁਹੱਲਾ ਜੈਪੁਰ ਵਿਚ ਗੁਰਦੁਆਰਾ ਬੰਗਲਾ ਸਾਹਿਬ (ਇੱਥੇ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ ਸਨ) ਤੇ ਗੁਰਦੁਆਰਾ ਰਕਾਬਗੰਜ (ਇੱਥੇ ਲੱਖੀ ਸ਼ਾਹ ਵਣਜਾਰੇ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਦੇਹ ਦਾ ਆਪਣੇ ਘਰ ਨੂੰ ਅੱਗ ਲਾ ਕੇ ਸੰਸਕਾਰ ਕੀਤਾ ਸੀ) ਬਣਵਾਏ। ਜਮਨਾ ਦਰਿਆ ਦੇ ਕੰਢੇ ਸ੍ਰੀ ਗੁਰੂ ਹਰਕ੍ਰਿਸ਼ਨ, ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਦੀਆਂ ਅੰਤਿਮ ਯਾਦਗਾਰਾਂ ਭੀ ਬਣਵਾਈਆਂ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਦੀ ਖੋਜ ਕੀਤੀ ਗਈ। ਉਥੇ ਇਕ ਥੜ੍ਹਾ ਬਣਵਾ ਦਿੱਤਾ ਗਿਆ। ਇਹ ਥੜ੍ਹਾ ਮਸਜਿਦ ਨਾਲ ਸੀ, ਜਿਸ ਕਾਰਨ ਮੁਸਲਮਾਨਾਂ ਨਾਲ ਝਗੜਾ ਸ਼ੁਰੂ ਹੋ ਗਿਆ। ਪ੍ਰੰਤੂ ਬਾਦਸ਼ਾਹ ਦੇ ਵੱਡੇ ਵਜ਼ੀਰ ਨੇ ਵਿਚ ਪੈ ਕੇ ਸੁਲ੍ਹਾ ਕਰਵਾ ਦਿੱਤੀ। ਥੜ੍ਹਾ ਵੀ ਕਾਇਮ ਰਿਹਾ ਤੇ ਮਸਜਿਦ ਵੀ। ਸਿੱਖਾਂ ਨੂੰ ਖ਼ੁਸ਼ ਕਰਨ ਲਈ ਕੁਝ ਜ਼ਮੀਨ ਕੋਤਵਾਲੀ ਤੇ ਬਾਜ਼ਾਰ ਵਲੋਂ ਲੈ ਕੇ ਬਾਰਾਂਦਰੀ ਬਣਵਾ ਦਿੱਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਦਿੱਤਾ। ਇਸ ਗੁਰਦੁਆਰੇ ਦਾ ਨਾਮ ਸੀਸ ਗੰਜ ਰੱਖਿਆ ਗਿਆ। 1857 ਦੇ ਗ਼ਦਰ ਪਿੱਛੋਂ ਸਿੱਖਾਂ ਦੇ ਜ਼ੋਰ ਦੇਣ ਤੇ ਮਸਜਿਦ ਵਲੋਂ ਹੋਰ ਥਾਂ ਲੈ ਕੇ ਗੁਰਦੁਆਰੇ ਦੀ ਥਾਂ ਖੁਲ੍ਹੀ ਕਰਵਾ ਦਿੱਤੀ ਗਈ।



www.AKJ.Org

ਇੰਦਰਾ ਗਾਂਧੀ ਦੇ ਸਮੇਂ ਜਥੇਦਾਰ ਸੰਤੋਖ ਸਿੰਘ ਦੇ ਰਸੂਖ ਨਾਲ ਸੀਸ ਗੰਜ ਗੁਰਦੁਆਰੇ ਲਈ ਕੋਤਵਾਲੀ ਵਲੋਂ ਹੋਰ ਜ਼ਮੀਨ ਵੀ ਗੁਰਦੁਆਰੇ ਨਾਲ ਰਲਾ ਲਈ ਗਈ।

ਦਿੱਲੀ ਦੇ ਗੁਰ ਅਸਥਾਨਾਂ ਦੀ ਭਾਲ ਤੇ ਉਸਾਰੀ ਵਿਚ ਸਰਦਾਰ ਬਘੇਲ ਸਿੰਘ ਦੇ ਮਾਰਚ 1783* ਨੂੰ ਕੀਤੇ ਹਮਲੇ ਦਾ ਬੜਾ ਵੱਡਾ ਯੋਗਦਾਨ ਹੈ। ਸੱਚ ਤਾਂ ਇਹ ਹੈ ਕਿ ਸਿੰਘਾਂ ਦੇ ਹਮਲੇ ਨੇ ਦਿੱਲੀ ਦੀ ਸ਼ਕਤੀ ਢਿੱਲੀ ਕਰ ਦਿੱਤੀ ਤੇ ਸਿੱਖਾਂ ਤੇ ਜ਼ੁਲਮ ਕਰਨ ਵਾਲੇ ਭਿੱਜੀ ਬਿੱਲੀ ਵਾਂਗ ਜਾਪਣ ਲੱਗੇ। ਦਿੱਲੀ ਉੱਪਰ ਸਿੰਘਾਂ ਦਾ ਹਮਲਾ ਇਕ ਯਾਦਗਾਰੀ ਤੇ ਇਤਿਹਾਸਕ ਮਹੱਤਵ ਦੀ ਘਟਨਾ ਹੈ। ਇਸ ਨਾਲ ਸਿੰਘਾਂ ਦਾ ਬੋਲਬਾਲਾ ਹੋਇਆ ਤੇ ਉਨ੍ਹਾਂ ਦੀ ਸ਼ਕਤੀ ਵਧਦੀ ਹੀ ਗਈ।

—ਰੋਜ਼ਾਨਾ 'ਅਜੀਤ' ਮਿਤੀ 9-8-88

*ਨੋਟ—ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਸ: ਬਘੇਲ ਸਿੰਘ ਦੀ, ਦਿਲੀ ਨੂੰ ਫ਼ਤਹ ਕਰਨ ਦੀ ਮਿਤੀ ਸੰਮਤ ੧੮੪੭ ਲਿਖੀ ਹੈ ਜੋ ਈਸਵੀ ਸੰਨ ੧੭੯੦ ਬਣਦਾ ਹੈ। ਕਰੋੜੀਆ ਮਿਸਲ ਦਾ ਇਹ ਸਰਦਾਰ ਝਬਾਲ, ਜ਼ਿਲਾ ਅੰਮ੍ਰਿਤਸਰ ਦਾ ਬੜੇ ਉਚੇ ਜੀਵਨ ਵਾਲਾ ਸੀ ਅਤੇ ਪੰਥ ਦੇ ਉਚੇ ਘਰਾਣੇ ਆਪ ਦੀ ਜਥੇਦਾਰੀ ਵਿਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਵਿਚ ਪੁੰਨ-ਕਰਮ ਸਮਝਦੇ ਸਨ। ਪਟਿਆਲੇ ਦੇ ਮਹਾਰਾਜਾ ਸਾਹਿਬ ਸਿੰਘ ਜੀ ਨੇ ਵੀ ਆਪ ਦੀ ਜਥੇਦਾਰੀ ਵਿਚ ਅੰਮ੍ਰਿਤ ਪਾਨ ਕੀਤਾ ਸੀ। ਇਸ ਸਰਦਾਰ ਦਾ ਦੇਹਾਂਤ ਸੰਮਤ ੧੮੫੯ (੧੮੦੨ ਈਸਵੀ) ਨੂੰ ਹੋਇਆ।

[ਸਫ਼ਾ ੨੩ ਦੀ ਬਾਕੀ]

ਆਦਰ ਮਾਣ ਦੇਣ ਲਈ ਪੰਜਾਬ ਸਰਕਾਰ ਵਲੋਂ ਇਕ ਵਿਸ਼ੇਸ਼ ਸਮਾਗਮ ਚੰਡੀਗੜ੍ਹ ਵਿਖੇ ਕੀਤਾ ਗਿਆ। ਇਸ ਬਾਰੇ ਹਰ ਪ੍ਰਾਂਤ ਵਲੋਂ ਸ਼ਲਾਘਾ ਹੋਈ। ੫੪ ਸਾਲ ਬਾਅਦ ਸ਼ਹੀਦ ਪ੍ਰਤਾਪ ਸਿੰਘ ਜੀ ਦੇ ਪ੍ਰਵਾਰ ਨੂੰ ਪੰਜਾਬ ਸਰਕਾਰ ਵਲੋਂ ਜੋ ਆਦਰ ਤੇ ਮਾਨ ਦਿਤਾ ਗਿਆ, ਇਸ ਨਾਲ ਪੰਜਾਬ ਵਿਚ ਅਤੇ ਪੰਜਾਬੋਂ ਬਾਹਰ ਵਸ ਰਹੇ ਪੰਜਾਬੀਆਂ ਦੇ ਹੌਸਲੇ ਹੋਰ ਵੀ ਬਲੰਦ ਹੋ ਗਏ।

ਸ਼ਹੀਦ ਪ੍ਰਤਾਪ ਸਿੰਘ ਜੀ ਦਾ ਜਨਮ ੨੧ ਸਤੰਬਰ ੧੮੯੮ ਨੂੰ ਪਿੰਡ ਅਕਾਲਗੜ੍ਹ ਜ਼ਿਲਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਵਿਚ ਸ: ਸਰੂਪ ਸਿੰਘ ਜੀ ਦੇ ਗ੍ਰਿਹਿ ਵਿਖੇ ਮਾਤਾ ਪ੍ਰੇਮ ਕੌਰ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਪੂਰੇ ਗੁਰਸਿਖੀ ਜੀਵਨ ਵਾਲੇ ਸਨ। ਸ਼ਹੀਦ ਜੀ ਦੀ ਸ਼ਾਦੀ ੧੯੧੮ ਵਿਚ ਜ਼ਿਲਾ ਗੁਜਰਾਂਵਾਲੇ ਦੇ ਸ: ਕਪੂਰ ਸਿੰਘ ਦੀ ਸਪੁਤਰੀ ਬੀਬੀ ਹਰਨਾਮ ਕੌਰ ਨਾਲ ਹੋਈ। ਆਪ ਦੀ ਸ਼ਹਾਦਤ ਪਾ ਜਾਣ ਤੋਂ ਛੇ ਮਹੀਨੇ ਬਾਅਦ ਇਨ੍ਹਾਂ ਦੇ ਗ੍ਰਿਹਿ ਇਕ ਬਚੀ (ਜੋਗਿੰਦਰ ਕੌਰ) ਨੇ ਜਨਮ ਲਿਆ। ਵਡੇ ਹੋਣ ਤੇ ਇਸ ਦੀ ਸ਼ਾਦੀ ਸ: ਸੰਪੂਰਨ ਸਿੰਘ ਸਪੁਤਰ ਸ: ਇੰਦਰ ਸਿੰਘ ਨਾਲ ਹੋਈ। ਇਨ੍ਹਾਂ ਦੇ ਚਾਰ ਲੜਕੇ ਹਨ। ਸ਼ਹੀਦ ਦੀ ਸੁਪਤਨੀ ੨੨ ਫ਼ਰਵਰੀ ੧੯੮੨ ਸੋਮਵਾਰ ਨੂੰ ਆਪਣੀ ਸੰਸਾਰ-ਯਾਤਰਾ ਸੰਪੂਰਨ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ।

ਅੰਤ ਵਿਚ ਮੈਂ ਦੋਹਾਂ ਸ਼ਹੀਦਾਂ ਸ: ਕਰਮ ਸਿੰਘ ਅਤੇ ਸ: ਪ੍ਰਤਾਪ ਸਿੰਘ ਨੂੰ ਸ਼ਰਧਾ ਨਾਲ ਆਪਣਾ ਸਿਰ ਝੁਕਾਉਂਦਾ ਹਾਂ। ਇਨ੍ਹਾਂ ਦੀ ਸ਼ਹਾਦਤ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ-ਮੁਨਾਰਾ ਸਿਧ ਹੋਵੇਗਾ।

ਨੋਟ—ਦਾਸ ਨੂੰ ਸ਼ਹੀਦ ਕਰਮ ਸਿੰਘ ਜੀ ਬਾਰੇ ਬਹੁਤਾ ਕੁਝ ਨਹੀਂ ਪਤਾ ਲਗ ਸਕਿਆ। ਇਸ ਸ਼ਹੀਦ ਬਾਰੇ ਕੋਈ ਸਜਣ ਜਾਣਕਾਰੀ ਰਖਦਾ ਹੋਵੇ ਤਾਂ ਸੂਰਾ ਮਾਸਕ ਪੱਤਰ ਨੂੰ ਲਿਖ ਕੇ ਭੇਜੀ ਜਾਵੇ।


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਭਾਈ ਸਾਹਿਬ ਰਚਿਤ ਹੇਠ ਲਿਖੀਆਂ ਪੁਸਤਕਾਂ ਤੇ ਟਰੈਕਟ ਇਸ ਐਡਰੈਸ ਤੋਂ ਮਿਲਦੀਆਂ ਹਨ

**ਭਾ: ਸਾ: ਰਣਧੀਰ ਸਿੰਘ ਟ੍ਰਸਟ, 23-ਜੀ, ਸਰਾਭਾ ਨਗਰ, ਲੁਧਿਆਣਾ**

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦-੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਗੁਰਮਤਿ ਬਿਬੇਕ | ੭-੫੦ |
| ਵਾਹਿਗੁਰੂ ਸਿਮਰਨ | ੦-੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਆਸਤਕ ਤੇ ਨਾਸਤਕ | ੦-੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |


www.AKJ.Org

# ਸ੍ਰੀ ਅੰਮ੍ਰਿਤਸਰ ਦੀ ਪ੍ਰਤਿਭਾ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ]

(੧) ਅੰਮ੍ਰਿਤਸਰ ਦਾ ਹਰਿਮੰਦਰ, ਅਧਿਆਤਮਕ ਪ੍ਰਭੁਤਾ ਦਾ ਪ੍ਰਤੀਕ ਹੈ, ਜੋ ਕੀਰਤਨ ਦੀ ਅਖੰਡ ਧੁਨਿ ਨਾਲ ਗੁੰਜਾਇਮਾਨ ਹੋ ਕੇ ਸਦਾ ਸਭ ਵਿਚ ਰੂਹਾਨੀ ਭਾਵ ਜਗਾਉਂਦਾ ਹੈ।

(੨) ਕਿਸੇ ਮੰਦਰ ਵਿਚ ਮੂਰਤੀ-ਸ਼ਿਲਾ ਤੇ ਕਿਸੇ ਵਿਚ ਬੁੱਤ ਬਿਰਾਜਮਾਨ ਹੁੰਦਾ ਹੈ, ਪਰ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਨੇ ਧਾਰਮਿਕ ਖੇਤਰ ਵਿਚ ਨਵਾਂ ਮਾਰਗ ਪਰਿਦਰਸ਼ਤ ਕੀਤਾ ਹੈ।

(੩) ਮਨੁੱਖੀ ਏਕਤਾ ਦ੍ਰਿੜ੍ਹਾਉਣ ਲਈ ਸਾਂਝੇ ਧਰਮ-ਮੰਦਰ ਦੀ ਬੁਨਿਆਦ ਸਤਿਗੁਰਾਂ ਗੁਰੂ ਬਾਬੇ ਦੇ ਨਾਂ ਤੇ ਧਰਾਉਣਾ ਤੇ ਇਸ ਦੇ ਚਾਰੇ ਪਾਸੇ ਚਾਰ ਦਰਵਾਜ਼ੇ ਬਣਾ ਕੇ ਸਭ ਨੂੰ ਬੁਲਾਉਣਾ ਸੈਕੂਲਰਇਜ਼ਮ ਦਾ ਵਧੀਆ ਸਬੂਤ ਹੈ।

(੪) ਸਮਾਜਕ ਬਰਾਬਰੀ ਲਈ ਸਾਂਝਾ ਲੰਗਰ ਲਾਉਣਾ, ਸਰਾਇ ਸਜਾਉਣਾ ਤੇ ਪਰ ਜਾਤੀਆਂ ਦੇ ਕਿਰਤੀ ਲੋਕਾਂ ਨੂੰ ਸਾਦਰ ਵਸਾਉਣਾ ਸਮਾਨਤਾ ਦੀ ਸੁੰਦਰ ਉਦਾਹਰਣ ਹੈ।

(੫) ਹਰਿਮੰਦਰ ਦੇ ਸਨਮੁਖ ਅਕਾਲ ਬੁੰਗੇ ਦੀ ਸਿਰਜਣਾ ਇਸ ਗੱਲ ਦੀ ਸੂਚਕ ਹੈ ਕਿ ਭਗਤੀ ਤੇ ਸ਼ਕਤੀ ਨੇ ਕਲਿੰਗੜੀ ਪਾ ਕੇ ਚਲਣਾ ਹੈ। ਇਸ ਦੇ ਬਾਹਰਲੇ ਚਿੰਨ੍ਹ ਹਨ—ਦੋ ਝੰਡੇ।

(੬) ਇਤਿਹਾਸ ਤੋਂ ਪਰਗਟ ਹੈ ਕਿ ਅੰਮ੍ਰਿਤਸਰ ਹਰ ਅਨਿਆਂ ਤੇ ਜਬਰ ਵਿਰੁਧ ਸੰਗ੍ਰਾਮ ਦਾ ਮੋਢੀ ਰਿਹਾ ਹੈ, ਚਾਹੇ ਉਹ ਜਹਾਂਗੀਰ ਦਾ ਜਬਰ ਸੀ, ਚਾਹੇ ਅਬਦਾਲੀ ਦਾ ਤੇ ਚਾਹੇ ਫਿਰੰਗੀ ਦਾ। ਸ਼ਸਤਰ-ਬਧ ਟਾਕਰਾ ਤੇ ਸ਼ਾਂਤਮਈ ਸਤਿਆਗ੍ਰਹਿ ਦੋਵੇਂ ਅੰਮ੍ਰਿਤਸਰ ਦੀ ਕਾਢ ਹਨ।

(੭) ਸਾਹਿਤਕ ਸਿਰਜਣਾ ਲਈ ਗੁਰੂ ਅਰਜਨ ਦੇਵ ਜੀ ਨੇ ਜੋ ਸੇਧ ਦਿਤੀ, ਉਸ ਨੇ ਅੰਮ੍ਰਿਤਸਰੀ ਸਾਹਿਤਕਧਾਰਾ ਨੂੰ ਬਲਵਾਨ ਤੇ ਸੁਹਜਵਾਨ ਬਣਾਇਆ ਤੇ ਇਥੇ ਭਾਈ ਗੁਰਦਾਸ ਜੀ, ਗਿਆਨੀ ਸੰਤ ਸਿੰਘ ਜੀ, ਮਹਾਂਕਵੀ ਸੰਤੋਖ ਸਿੰਘ ਜੀ, ਭਾਈ ਵੀਰ ਸਿੰਘ ਜੀ, ਲਾ: ਧਨੀ ਰਾਮ ਜੀ ਵਰਗੀਆਂ ਕਈ ਹਸਤੀਆਂ ਉਠੀਆਂ।
ਇਸੇ ਤਰ੍ਹਾਂ ਸੰਸਥਾ ਦੇ ਤੌਰ ਤੇ ਗਿਆਨੀ ਸੰਪ੍ਰਦਾ ਦੀ ਟਕਸਾਲ, ਨਿਰਮਲਿਆਂ ਦੇ ਡੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਲਸਾ ਕਾਲਜ, ਸਿਖ ਮਿਸ਼ਨਰੀ ਕਾਲਜ ਅਤੇ ਹੋਰ ਵਿਦਿਆਲੇ ਵਿਦਿਆ ਦਾ ਪ੍ਰਕਾਸ਼ ਕਰਦੇ ਆਏ ਹਨ।

(੮) ਕਲਾਤਮਕ ਪ੍ਰਾਪਤੀਆਂ ਨੇ ਇਸ ਸ਼ਹਿਰ ਨੂੰ ਚਾਰ-ਚੰਨ ਲਾਏ ਹਨ, ਜਿਸ ਵਿਚ ਮੰਦਰ-ਕਲਾ, ਚਿੱਤਰ-ਕਲਾ ਤੇ ਸੰਗੀਤ-ਕਲਾ ਦਾ ਮਹੱਤਵ ਅਧਿਕ ਹੈ। ਭਾਵੇਂ ਅਜੇ ਇਸ ਪਾਸੇ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਗਈ। ਨਾ ਹਰਿਮੰਦਰ ਸਾਹਿਬ ਦੀ ਕਲਾ ਉਤੇ ਕੋਈ ਕਿਤਾਬ ਹੈ ਤੇ ਨਾ ਹੀ ਰਬਾਬੀਆਂ ਦੀ ਸੰਗੀਤਕ ਪਰੰਪਰਾ ਉਤੇ, ਪਰ ਇਹ ਖ਼ਜ਼ਾਨਾ ਅਮੀਰ ਹੈ।

(੯) ਵਪਾਰਕ ਸਰਗਰਮੀ ਇਸ ਦੇ ਆਰਥਕ ਵਿਕਾਸ ਦਾ ਮੂਲ ਹੈ। ਕਿਸੇ ਸਮੇਂ ਦਿੱਲੀ ਤੇ ਬਲਖ਼ ਬੁਖਾਰੇ ਦੇ ਦਰਮਿਆਨ ਇਹ ਇਕ ਸ਼ਾਨਦਾਰ ਕੜੀ ਸੀ। ਅੱਜ ਵੀ ਯੂਰਪ ਤੇ ਏਸ਼ੀਆ ਦੀਆਂ ਕਈ ਮੰਡੀਆਂ ਨਾਲ ਇਸ ਦਾ ਰਿਸ਼ਤਾ ਉਤਸ਼ਾਹ-ਵਰਧਕ ਹੈ।

(੧੦) ਸਿੱਖਾਂ ਦਾ ਮੱਕਾ ਮਦੀਨਾ ਹੋਣ ਕਰਕੇ ਇਹ ਸਿਖ ਸਰਗਰਮੀ ਦਾ ਗੜ੍ਹ ਹੈ। ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਕਰਮਯੋਗੀ ਜਮਾਤਾਂ ਦੇ ਦਫਤਰ ਇਥੇ ਹੋਣ ਕਰਕੇ ਇਹ ਸਦਾ ਨਵੇਂ ਅੰਦੋਲਨ ਦੀ ਵੰਗਾਰ ਪਾਉਂਦਾ ਹੈ।
ਜਿਥੇ ਇਸ ਨੂੰ ਪੁਰਾਤਨ ਵਿਰਸੇ ਤੇ ਫ਼ਖ਼ਰ ਹੈ, ਉਥੇ ਨਵੇਂ ਮਸਲੇ ਨਜਿੱਠਣ ਦਾ ਵੀ ਸ਼ੌਕ ਤੇ ਫ਼ਿਕਰ ਹੈ।



www.AKJ.Org

# ਬਾਬਾ ਦੀਪ ਸਿੰਘ ਜੀ ਸ਼ਹੀਦ

[ਸ: ਅਤਰ ਸਿੰਘ ਜੀ 'ਨੀਰ', 289 A/Q. U. ਪੀਤਮਪੁਰਾ, ਦਿਲੀ-34]

ਅਹਿਮਦ ਸ਼ਾਹ ਅਬਦਾਲੀਆ, ਲੈ ਫੌਜਾਂ ਚੜ੍ਹਿਆ।
ਉਸਦਾ ਇਕ ਇਕ ਜੰਗੀ ਸੂਰਮਾ, ਲੋਹੇ ਸੰਗ ਜੜ੍ਹਿਆ।
ਉਹ ਸਿੱਧਾ ਆਣ ਲਾਹੌਰ ਵਿਚ, ਹੱੜ ਵਾਂਗੂ ਵੜਿਆ।
ਉਸ ਕੱਠਿਆਂ ਕਰ ਸਰਦਾਰ ਸਭ, ਇਹ ਕਲਮਾ ਪੜ੍ਹਿਆ :
''ਇਉਂ ਕੁਟਣਾ ਦੇਸ ਪੰਜਾਬ ਦੇ ਸਿੱਖਾਂ ਨੂੰ ਅੜਿਆ।
ਜਿਉਂ ਪੱਤਝੜ ਦੀ ਰੁਤ ਆਣ ਕੇ, ਰੁਖਾਂ ਨੂੰ ਝੜਿਆ।

ਇਹ ਕਾਬੂ ਮੂਲ ਨਹੀਂ ਆਂਵਦੇ, ਅੱਜ ਫੜ ਲਓ ਸਾਰੇ।
ਕੁਟ ਕੁਟ ਐਦਾਂ ਕਰ ਦਿਓ, ਜਿਉਂ ਮੁੰਜ ਬੁਹਾਰੇ।
ਤੁਸੀਂ ਰਹਿਣ ਨ ਦਿਓ ਖੜਕਣੇ, ਰਣਜੀਤ ਨਗਾਰੇ।
ਪੁਟ ਪੁਟ ਝੰਡੇ ਇਨ੍ਹਾਂ ਦੇ, ਢਾਹੋ ਗੁਰੂ-ਦਵਾਰੇ।
ਢਾਹ ਢਾਹ ਕਰ ਦਿਉ ਢੇਰੀਆਂ, ਜਿਦਾਂ ਖੂਹ ਖਾਰੇ।
ਅੰਮ੍ਰਿਤਸਰ ਤੇ ਚੜ੍ਹ ਪਵੋ, ਮਾਰੋ ਲਲਕਾਰੇ।

ਤੁਸੀਂ ਗਾਜ਼ੀ ਮੋਮਨ ਕੌਮ ਦੇ, ਐਲੀ ਦੇ ਜਾਏ।
ਤੁਸਾਂ ਵਾਂਗ ਕਮਾਨਾਂ ਕਰ ਸੁਟੇ, ਜੋ ਸਿਰ ਅਕੜਾਏ।
ਹਰ ਪਾਸੇ ਡੰਕੇ ਫਤਿਹ ਦੇ, ਤੁਸਾਂ ਵਜਵਾਏ।
ਸਾਹਵੇਂ ਜੋ ਹੋ ਭੂਤਰੇ, ਤੁਸਾਂ ਖੋਜ ਮਿਟਾਏ।
ਤੁਸੀਂ ਚੱਬ ਲਉ ਵਾਂਗ ਮਖਾਣਿਆਂ, ਹੁਣ ਮੌਕੇ ਆਏ।''

ਰੰਘੜ ਭੱਟੀ ਖੋਖਰਾਂ ਦੀ ਕਰ ਤਕੜਾਈ।
ਜੋੜੇ ਦੂਜੇ ਪਾਸਿਓਂ ਗਿਲਜੇ ਮਿਰਜ਼ਾਈ।
ਨਾਲੇ ਖਾਨ ਕਬਾਲੀਏ ਤੇ ਤਾਰਕ ਤਾਈ।
ਟੋਚ ਬਲੋਚ ਦੁਰਾਨੀਏ ਸੋਹਦੇ ਮੁਗਲਾਈ।
ਹਰਿਮੰਦਰ ਨੂੰ ਢਾਹਣ ਦੀ ਕਰ ਕੇ ਪਕਿਆਈ।
ਚੜ੍ਹ ਵਾਂਗ ਹਨੇਰੀਆਂ ਉਡ ਪਈ ਇਹ ਕੁਲ ਮੁਲਖਾਈ।

ਧੂੜਾਂ ਉਡੀਆਂ ਇਸਤਰ੍ਹਾਂ ਕਿ ਸੂਰਜ ਲੁਕਿਆ।
ਗਡਾਂ ਤੁਰੀਆਂ ਇਸਤਰ੍ਹਾਂ ਕਿ ਕੋਈ ਨ ਰੁਕਿਆ।
ਘੋੜੇ ਹਿਣਕਣ ਇਸਤਰ੍ਹਾਂ ਕਿ ਕੋਈ ਨ ਬੁਕਿਆ।
ਦਾਰੂ ਸਿੱਕਾ ਇਸਤਰ੍ਹਾਂ ਕਿ ਜਾਏ ਨ ਚੁਕਿਆ।
ਤੋਪਾਂ ਰਫਲਾਂ ਇਸਤਰ੍ਹਾਂ ਮੂੰਹਾਂ ਨੂੰ ਚੁਕਿਆ।
ਕਿ ਊਠਾਂ ਖਚਰਾਂ ਹਾਥੀਆਂ ਦਾ ਸਾਹ ਵੀ ਸੁਕਿਆ।

ਜਾ ਜਸੂਸਾਂ ਆਖਿਆ, ਸਿੰਘਾਂ ਸਰਦਾਰਾਂ।
ਡਾਢੀਆਂ ਪਈਆਂ ਧਰਮੀਓ, ਅਜ ਮੁੜ ਵੰਗਾਰਾਂ।
ਚੋਥੇ ਗੁਰ-ਦਰਬਾਰ ਤੇ ਚੜ੍ਹ ਆਈਆਂ ਵਾਹਰਾਂ।
ਤੁਸੀਂ ਧਰਮ ਬਚਾ ਲੋ ਆਪਣਾ, ਰਲ ਕਰੋ ਵੀਚਾਰਾਂ।
ਹੁਣ ਲਾਹੋ ਜੰਗ ਕਿਰਪਾਨ ਦੇ, ਸੂਤੋ ਤਲਵਾਰਾਂ।
ਫੂਕ ਦਿਓ ਤੁਸੀਂ ਤੂੜੀਆਂ, ਵਾਂਗੂ ਅੰਗਿਆਰਾਂ।

ਤੁਹਾਡੀ ਅਣਖ ਵੰਗਾਰੀ ਜਾ ਰਹੀ, ਹੋ ਜਾਉ ਸੁਚੇਤੇ।
ਤੁਹਾਡੀ ਰੂਹ ਲਿਤਾੜੀ ਜਾ ਰਹੀ, ਹੋ ਜਾਉ ਸੁਚੇਤੇ।
ਤੁਹਾਡੀ ਪੱਤ ਉਤਾਰੀ ਜਾ ਰਹੀ, ਹੋ ਜਾਉ ਸੁਚੇਤੇ।
ਤੁਹਾਡੀ ਸਾਂਝ ਵਿਗਾੜੀ ਜਾ ਰਹੀ, ਹੋ ਜਾਉ ਸੁਚੇਤੇ।
ਡਾਢੀ ਅੱਗ ਖਿਲਾਰੀ ਜਾ ਰਹੀ, ਹੋ ਜਾਉ ਸੁਚੇਤੇ।
ਸਾੜੀ ਫੁਲਵਾੜੀ ਜਾ ਰਹੀ, ਹੋ ਜਾਉ ਸੁਚੇਤੇ।

ਦੀਪ ਸਿੰਘ ਨੇ ਸੁਣ ਕੇ, ਮਿਆਨੇ ਹੱਥ ਪਾਇਆ।
ਫਿਰ ਖੜ ਕੇ ਵਿਚ ਮੈਦਾਨ ਦੇ, ਉਸ ਖੜਕ ਸੁਣਾਇਆ :
''ਅਸਾਂ ਮੁਢ ਜ਼ੁਲਮ ਦਾ ਪੁਟਣਾ, ਜਿਉਂ ਧੁਪ ਚੋਂ ਸਾਇਆ।
ਸ਼ਮ੍ਹਾ ਬਲੀ ਪਰਵਾਨਿਓ, ਹੁਣ ਵੇਲਾ ਆਇਆ।
ਸੂਰਾ ਸੋਈ ਧਰਮ ਤੋਂ, ਜਿਨ ਸੀਸ ਘੁੰਮਾਇਆ।
ਆਸ਼ਕਾਂ ਸਾਦਕਾਂ ਸੂਰਿਆਂ, ਕਦੇ ਖ਼ੌਫ਼ ਨਹੀਂ ਖਾਇਆ।''

ਦੜ ਦੜ ਕਰਦੇ ਆ ਗਏ, ਸਿੰਘਾਂ ਦੇ ਜੱਥੇ।
ਗੜੇ ਜਿਵੇਂ ਅਸਮਾਨ ਤੋਂ, ਬਿਨ ਬਦਲੋਂ ਲਥੇ।
ਗਲ ਕਿਰਪਾਨਾਂ ਸਜੀਆਂ, ਲਿਸ਼ਕਣ ਪਏ ਮੱਥੇ।
ਹਥੀਂ ਭਾਲੇ ਭੁੜਕਦੇ, ਕਮਰਾਂ ਤੇ ਭੱਥੇ।
ਕੁਝ ਤੁਰ ਪਏ ਨਾਲ ਦੁਨਾਲੀਆਂ, ਕੁਝ ਆਏ ਨਿਹੱਥੇ।
ਰੱਤੇ ਏਦਾਂ ਸ਼ੌਕ ਵਿਚ, ਦਿਸਣ ਸਿਰਲੱਥੇ।

ਤੱਦ ਸਿਮਰ ਭਗਉਤੀ ਦੀਪ ਸਿੰਘ, ਕੀਤਾ ਅਰਦਾਸਾ :
''ਕਲਗੀਆਂ ਵਾਲੇ ਪਾਤਸ਼ਾਹ ਤੇਰਾ ਭਰਵਾਸਾ।
ਅੰਗ ਸੰਗ ਹੋ ਕੇ ਮਿਹਰਬਾਨ, ਨਿਤ ਸਾਸ ਗਿਰਾਸਾ।
ਬਲ ਹਿੰਮਤ ਤੇ ਹੌਸਲਾ, ਬਖਸ਼ੀਂ ਤੂੰ ਖਾਸਾ।
ਹਰਿਮੰਦਰ ਦੀ ਚੋਖਟੇ, ਟੁਟੇ ਇਹ ਕਾਸਾ।
ਹੋਰ ਨਹੀਂ ਹੈ ਮਨ ਵਿਚ, ਕੋਈ ਵੀ ਆਸਾ।''



www.AKJ.Org

ਆਹਵੇਂ ਸਾਹਵੇਂ ਹੋ ਗਏ, ਦੋਵੇਂ ਬਲਕਾਰੀ।
ਜੀਭ ਕਾਲ ਦੀ ਬਣ ਗਈ, ਹਰ ਤੇਗ਼ ਕਟਾਰੀ।
ਲੋਥਾਂ ਉਤੇ ਲੋਥ ਦੀ, ਹੋ ਰਹੀ ਉਸਾਰੀ।
ਰੱਤਾਂ ਵਗੀਆਂ ਰਣ ਵਿਚ, ਬਣ ਨਦੀਆਂ ਭਾਰੀ।
ਮਛੀਆਂ ਵਾਂਗੂ ਲਾਂਵਦੇ, ਸਿਰ ਵਢੇ ਤਾਰੀ।
ਘਾਣ ਮਚੇ ਇਉਂ ਮਿੱਝ ਦੇ, ਨ ਰਹੀ ਸ਼ੁਮਾਰੀ।

ਤਰਨ ਤਾਰਨ ਦੀ ਜੂਹ ਚੋਂ, ਨਿਕਲੇ ਸਿੰਘ ਸਾਰੇ।
ਅਗੇ ਅਗੇ ਖ਼ਾਲਸੱਈ ਨਿਸ਼ਾਨ ਫਰਾਰੇ।
ਪਿਛੇ ਧੌਂਸੇ ਖੜਕਦੇ ਰਣਜੀਤ ਨਗਾਰੇ।
ਬੁਕਣ ਸ਼ੇਰਾਂ ਵਾਂਗਰਾਂ, ਛਡਦੇ ਜੈਕਾਰੇ।
ਦੁਸ਼ਮਨ ਤਾਈਂ ਦਸਣੇ, ਦਿਨ ਦੀਵੀਂ ਤਾਰੇ।
ਕਲਗੀਆਂ ਵਾਲਾ ਪਾਤਸ਼ਾਹ, ਸਾਡੀ ਪਤ ਸਵਾਰੇ।

ਅਚਨਚੇਤੀ ਦੁਸ਼ਮਣਾਂ ਨੇ, ਦਾਅ ਲਗਾ ਕੇ।
ਦੀਪ ਸਿੰਘ ਜਰਨੈਲ ਦੇ, ਮੋਢੇ ਤੇ ਜਾ ਕੇ।
ਮਾਰੂ ਧੂ ਤਲਵਾਰ ਸੀ, ਇਉਂ ਜ਼ੋਰ ਲਗਾ ਕੇ।
ਕਿ ਸੀਸ ਪਰੇ ਜਾ ਡਿਗਿਆ, ਪਲਸੇਟੇ ਖਾ ਕੇ।
ਰਹਿ ਨ ਸਕਿਆ ਸੂਰਮਾ, ਇਹ ਤਕ ਤਕਾ ਕੇ।
ਤੇ ਆਖਿਆ ਨਾਲ ਪਿਆਰ ਦੇ, ਜ਼ਰਾ ਨੇੜੇ ਜਾ ਕੇ:

"ਵੀਰ ਪਿਆਰੇ ਤੁਸਾਂ ਸੀ, ਮਨ ਅੰਦਰ ਧਾਰੀ।
ਹਰਿਮੰਦਰ ਤੋਂ ਵੱਧ ਨਹੀਂ, ਸਾਨੂੰ ਜਾਨ ਪਿਆਰੀ।
ਜਾ ਸ਼ਹੀਦੀ ਪਾਵਣੀ, ਉਸ ਚਾਰ-ਦੀਵਾਰੀ।
ਪ੍ਰੱਣ ਨਿਭੇਗਾ ਇਸ ਤਰ੍ਹਾਂ, ਵੇਖਣ ਸੰਸਾਰੀ।
ਪਰ ਮੈਂ ਸਮਝ ਨ ਸਕਿਆ, ਕੀ ਖੇਡ ਖਿਲਾਰੀ।
ਕਾਇਮ ਕਿਦਾਂ ਰਹੂਗੀ, ਸਿੱਖੀ ਸਰਦਾਰੀ।"

ਸੁਣਦੇ ਸਾਰ ਹੀ ਦੀਪ ਸਿੰਘ ਛਡਿਆ ਜੈਕਾਰਾ।
ਖੰਡਾ ਲਿਆ ਹੱਥ ਵਿਚ, ਫੜ ਤੇਜ਼ ਦੁਧਾਰਾ।
ਸੀਸ ਤਲੀ ਤੇ ਰਖਿਆ, ਦੇ ਕੇ ਲਲਕਾਰਾ।
ਸੰਭਲੋ ਮੂਜ਼ੀ ਗ਼ਾਜ਼ੀਓ, ਕੁਝ ਕਰ ਲਓ ਚਾਰਾ।
ਅੱਜ ਕਲਗੀਧਰ ਦੇ ਨਾਂ ਦਾ ਕਰਨਾ ਉਜਿਆਰਾ।
ਜਾਣ ਨਹੀਂ ਦੇਣਾ ਜੀਂਦਿਆਂ, ਮੈਂ ਕੋਈ ਹਤਿਆਰਾ।

ਵਧਿਆ ਰੋਹ ਗ਼ਜ਼ਬ ਦਾ, ਜੱਦ ਸਿੰਘ ਲਲਕਾਰੇ।
ਵਾਹੀ ਜਾਵੇ ਸੂਰਮਾ, ਖੰਡੇ ਦੋ-ਧਾਰੇ।
ਕੁਰਲਾਟ ਪਈ ਵਿਚ ਵੈਰੀਆਂ ਦੇ ਲਸ਼ਕਰ ਭਾਰੇ।
ਐਧਰ ਔਧਰ ਖਾਲਸਾ ਛਡਦਾ ਜੈਕਾਰੇ।
ਸੀਸ ਤਲੀ ਤੇ ਰਖਿਆ ਮਾਰੇ ਲਿਸ਼ਕਾਰੇ।
ਜਿਉਂਕਰ ਬੇੜੀ ਜਾ ਰਹੀ, ਵਿਚ ਸਾਗਰ ਖਾਰੇ।

ਭਾਂਜ ਪਈ ਵਿਚ ਦੁਸ਼ਮਨਾਂ ਹੋ ਗਏ ਹੈਰਾਨੇ।
ਤੇਰੀਆਂ ਰਮਜ਼ਾਂ ਮਾਲਕਾ ਤੂੰਹੇਂ ਹੀ ਜਾਣੇ।
ਕੇਡੇ ਯਾਰੋ ਅਜਬ ਨੇ ਇਹ ਸਿਖ ਦੀਵਾਨੇ।
ਰਖਦੇ ਵੇਖੇ ਮੌਤ ਨਾਲ ਇਹ ਸਦਾ ਯਰਾਨੇ।
ਬਿਨ ਸਿਰਾਂ ਦੇ ਮਾਰਦੇ ਜੋ ਧੜ ਨਿਸ਼ਾਨੇ।
ਉਨ੍ਹਾਂ ਅਗੇ ਹੈ ਕਢਣੀ ਕੀ ਕਾਢ ਅਸਾਂ ਨੇ!

ਤੋਬਾ ਤੋਬ ਪੁਕਾਰਦੇ ਪਏ ਕਾਜ਼ੀ ਵਾਜ਼ੀ।
ਪੈਰ ਸਿਰਾਂ ਤੇ ਰਖ ਕੇ ਨਸ ਉਠੇ ਗ਼ਾਜ਼ੀ।
ਗਡਾਂ ਰਹੀਆਂ ਚੀਕਣੋਂ, ਹਿਣਕਣ ਤੋਂ ਤਾਜ਼ੀ।
ਵਿਚ ਪਰਕਰਮਾਂ ਦੀਪ ਸਿੰਘ ਜਾ ਪੁਜਾ ਰਾਜ਼ੀ।
ਸੀਸ ਭੁੰਜੇ ਰਖ ਆਖਿਆ, ਜਿਤੀ ਗਈ ਬਾਜ਼ੀ।
"ਮੇਰਾ ਮੁਝ ਮੈਂ ਕੁਛ ਨਹੀਂ", ਇਹ ਗਰੀਬ ਨਿਵਾਜ਼ੀ।

ਅੰਮ੍ਰਿਤਸਰ ਦਰਬਾਰ ਸਾਹਿਬ ਦਾ ਬੜਾ ਨਜ਼ਾਰਾ।
ਗੁਰੂ ਸ਼ਬਦ ਦੀ ਚਲ ਰਹੀ ਹਰ ਵੇਲੇ ਧਾਰਾ।
ਵਿਚ ਪਰਕਰਮਾਂ ਲਿਸ਼ਕਦਾ ਸਿਖ ਗੌਰਵ ਭਾਰਾ।
ਕੀਤਾ ਜਿਥੇ ਸੀਸ ਦਾ ਆ ਧੜ ਉਤਾਰਾ।
ਦੀਪ ਸਿੰਘ ਸਿਰਲੱਥ ਦਾ ਉਹ ਗੁਰੂਦੁਆਰਾ।
ਲੈਂਦਾ ਜਿਥੋਂ ਸਾਹਸ "ਨੀਰ" ਨਿਤ ਪੰਥ ਪਿਆਰਾ।

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕ ਭੇਜਦੇ ਹਾਂ ਜੀ।
(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।
(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# 'ਤੂ ਕਹੀਅਤ ਹੀ ਆਦਿ ਭਵਾਨੀ, ਮੁਕਤਿ ਕੀ ਬਰੀਆ ਕਹਾ ਛਪਾਨੀ' ?

[ਵਲੋਂ—ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:), ਅੰਮ੍ਰਿਤਸਰ]

ਨੋਟ:—ਮਦਰਾਸ ਦਾ ਇਕ ਤੈਲਗੂ ਸਜਣ ਦੇਵੀ ਦਾ ਅਨਿੰਨ ਭਗਤ ਸੀ। ਦੇਵੀ ਉਸ ਦੇ ਹਰ ਕਾਰਜ ਵਿਚ ਸਹਾਈ ਹੁੰਦੀ ਰਹੀ, ਪਰ 'ਮੁਕਤੀ' ਦੇਣ ਦੀ ਅਸਮ੍ਰਥਾ ਜਣਾਈ ਅਤੇ ਦੂਜੇ ਦਰ ਤੇ ਜਾਣ ਲਈ ਪ੍ਰੇਰਿਆ। ਇਸ ਪ੍ਰੇਮੀ ਨੂੰ ਇਕ ਗੁਰਸਿੱਖ ਤੋਂ ਗੁਰਬਾਣੀ ਦੀ ਸਰੋਤ ਐਸੀ ਪਈ ਕਿ ਵਿੰਨ੍ਹਿਆ ਗਿਆ। ਗੁਰਮੁਖੀ ਪੜ੍ਹਨੀ ਸਿਖ ਕੇ ਨਿਤਨੇਮ ਦੇ ਰੰਗ ਮਾਣਨ ਲਗ ਪਿਆ। ਦਿਲੀ ਦੁਸਹਿਰੇ ਸਮੇਂ ੧੯੭੫ ਵਿਚ ਕੀਰਤਨ-ਸਮਾਗਮਾ ਵਿਚ ਪੇਸ਼ ਹੋ ਕੇ ਪਰਵਾਰ ਸਮੇਤ ਅੰਮ੍ਰਿਤ ਪਾਨ ਕੀਤਾ। ਆਪ ਦਾ ਨਾਂ ਭਾਈ ਭਜਨ ਸਿੰਘ ਅਤੇ ਸਿੰਘਣੀ ਦਾ ਨਾਂ ਬੀਬੀ ਅਮਰ ਕੌਰ ਬਖ਼ਸ਼ਸ਼ ਹੋਈ। ਅੰਮ੍ਰਿਤ ਪਾਨ ਕਰਨ ਸਮੇਂ ਨਾਮ ਦੀ ਅਲੌਕਿਕ ਪਾਰਸ-ਕਲਾ ਵਰਤੀ। ਇਹ ਸਾਰਾ ਬ੍ਰਿਤਾਂਤ ਅਗੇ 'ਸੂਰਾ' ਫ਼ਰਵਰੀ ੧੯੭੬ ਵਿਚ ਛਪ ਚੁਕਾ ਹੈ। ਕੁਝ ਸਮਾਂ ਹੋਇਆ, ਪਾਠਕ ਵੀਰਾਂ ਵਲੋਂ ਇਸ ਨੂੰ ਦੁਬਾਰਾ ਛਾਪਣ ਲਈ ਸਿਫ਼ਾਰਸ਼ ਕੀਤੀ ਗਈ ਸੀ, ਪਰ ਇਸ ਨੂੰ ਛਾਪਣ ਦਾ ਅਉਸਰ ਹੁਣ ਹੀ ਬਣ ਸਕਿਆ ਹੈ।

ਹੁਣੇ ਜਿਹੇ ਵਿਸਾਖਾ ਪਟਨਮ ਤੋਂ ਇਕ ਵੀਰ ਹਰਚੰਦ ਸਿੰਘ ਜੀ ਵਲੋਂ ਭਾਈ ਸਾਹਿਬ ਰਾਮ ਸਿੰਘ ਜੀ ਨੂੰ ਪਾਤੀ ਪੁਜੀ ਹੈ ਕਿ ਭਾਈ ਭਜਨ ਸਿੰਘ ਜੀ ੨੭ ਜਨਵਰੀ ੧੯੮੯ ਨੂੰ ਅਕਾਲ ਚਲਾਣਾ ਕਰ ਗਏ ਹਨ। ਇਸ ਪਰਵਾਰ ਨੂੰ ਸੰਸਾਰੀ ਭਰਾਵਾਂ ਨੇ ਸਿਖ ਜਾਣ ਕੇ ਬੇ-ਦਖ਼ਲ ਜਿਹੇ ਕਰ ਛਡਿਆ ਹੈ ਅਤੇ ਇਹ ਕਰਾਏ ਦਾ ਮਕਾਨ ਲੈ ਕੇ ਰਹਿੰਦੇ ਹਨ। ਮਹਾਰਾਜ ਦੀ ਸਵਾਰੀ ਦੀ ਅਤਿ ਸ਼ਰਧਾ ਤੇ ਸਤਿਕਾਰ ਸਹਿਤ ਸੇਵਾ ਕਰਦੇ ਹਨ। ਦੋਨੋਂ ਜੀਅ ਹੀ ਰੈਣ ਸਬਾਈ ਕਰ ਲੈਂਦੇ ਸਨ ਅਤੇ ਬਾਹਰ ਰਿਸ਼ਤੇਦਾਰਾਂ ਦੋਸਤਾਂ ਦੇ ਘਰੋਂ ਜਲ ਵੀ ਨਹੀਂ ਸਨ ਛਕਦੇ। ਸਾਰਾ ਸੰਸਾਰ ਸਰਬੰਧੀ ਇਕ ਪਾਸੇ ਅਤੇ ਧਰਮ-ਧੜਾ ਇਕ ਪਾਸੇ ਰਖ ਕੇ ਹਾਲਾਤ ਨਾਲ ਜੂਝ ਰਹੇ ਸਨ ਕਿ ਅਚਿੰਤੇ ਬਾਜ ਆ ਪਏ। ਬੱਚੇ ਗਲ ਨਾਲ ਚੰਬੜਦੇ ਹਨ, ਪਿਆਰ ਮੰਗਦੇ ਹਨ—ਸਤਿਗੁਰੂ ਮਿਹਰ ਕਰਨ, ਗੁਰੂ, ਕੂਕਰਾਂ ਦਾ ਪ੍ਰੇਮ ਓਹਨਾਂ ਨੂੰ ਹਰਿਆ ਭਰਿਆ ਰਖ ਸਕੇ, ਇਸ ਮਾਰੂ ਸੱਟ ਬਾਅਦ! ਓਹਨਾਂ ਗਰੀਬਾਂ ਦਾ ਹੋਰ ਕੋਈ ਆਸਰਾ ਨਹੀਂ ਕੇਵਲ ਗੁਰੂ ਤੋਂ ਬਾਝੋਂ ਅਤੇ ਗੁਰੂ ਕੇ ਸਿਖਾਂ ਬਾਝੋਂ। ਚਾਰ ਬੱਚੇ ਹਨ—ਵੱਡੀ ਬੱਚੀ ਤੇ ਵਡਾ ਲੜਕਾ ਦੋਵੇਂ ਨੌਵੀਂ ਜਮਾਤ ਵਿਚ ਹਨ ਤੇ ਛੋਟੇ ਬੱਚੇ ਪੰਜਵੀਂ ਛੇਵੀਂ ਆਦਿ ਵਿਚ। ਬੱਚਿਆਂ ਦੀ ਮਾਤਾ ਕੁਝ ਵੈਰਾਗਵਾਨ ਹੁੰਦੇ ਹਨ, ਪਰ ਬੱਚੇ ਬਾਰ ਬਾਰ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ, ਜੋ ਸਾਡੇ ਬਾਬਾ ਜੀ ਹਨ, ਪਿਤਾ ਹਨ—ਮਾਤਾ ਜੀ ਘਬਰਾਓ ਨਾਹ।

ਇਸ ਪਰਵਾਰ ਨੂੰ ਕੁਝ ਫ਼ੌਜੀ ਪੈਨਸ਼ਨ ਆਦਿ ਮਿਲ ਰਹੀ ਹੈ ਅਤੇ ਕੁਝ ਮਾਸਕ ਸਹਾਇਤਾ ਅਖੰਡ ਕੀਰਤਨੀ ਜਥੇ ਵਲੋਂ ਭੇਜਣੀ ਅਰੰਭ ਕੀਤੀ ਜਾ ਰਹੀ ਹੈ। ਸਤਿਗੁਰੂ ਆਪਣੇ ਅਨਾਥ ਬੱਚਿਆਂ ਦੇ ਆਪ ਪਾਲਣਹਾਰ ਹਨ।

—ਸੰਪਾਦਕ—

ਇਕ ਵਰਨਣ ਯੋਗ ਸਾਖੀ ੧੯੭੫ ਦੇ ਦੁਸਹਿਰੇ ਦੇ ਸਮਾਗਮ ਤੇ ਦਿਲੀ ਵਿਚ ਇਕੱਤ੍ਰ ਹੋਈਆਂ ਸੰਗਤਾਂ ਦੇ ਪੇਖਣ ਸੁਨਣ ਵਿਚ ਆਈ ਹੈ, ਜੋ ਇਸ ਪ੍ਰਕਾਰ ਹੈ:—

ਮਦਰਾਸ ਦਾ ਵਸਨੀਕ ਇਕ ਸੱਜਣ ਕਿਸੇ ਦੇਵੀ ਦਾ ਪੂਜਾਰੀ ਸੀ। ਬਚਪਨ ਤੋਂ ਹੀ ਉਹ ਪਿਤਾ-ਪੁਰਖੀ ਅਨੁਸਾਰ ਦੇਵੀ ਦੀ ਪੂਜਾ ਕਰਦਾ ਆ ਰਿਹਾ ਸੀ। ਦੇਵੀ ਨੇ ਉਸ ਦੀ ਪੂਜਾ ਅਤੇ ਪ੍ਰੇਮ-ਭਾਵਨਾ ਤੇ ਪਸੀਜ ਕੇ ਉਸ ਨੂੰ ਪਰਤੱਖ ਦਰਸ਼ਨ ਦਿਤੇ—ਇਕ ਬਾਰ ਨਹੀਂ ਕਈ ਬਾਰ। ਪੂਜਾਰੀ ਆਪਣੇ ਮਨਿ ਚਿਤਿ ਬਹੁਤ ਖ਼ੁਸ਼ ਸੀ ਕਿ ਉਸ ਦੀ ਪੂਜਾ ਥਾਇ ਪਈ ਹੈ। ਦੇਵੀ ਇਸ ਪੂਜਾਰੀ ਦੇ ਕੰਮ-ਕਾਜ ਵਿਚ ਕਾਫ਼ੀ ਅਗਵਾਈ ਕਰਦੀ ਰਹੀ—ਉਸ ਨੂੰ ਹਰ ਨੁਕਸਾਨ ਵਾਲੇ ਕਾਰਜ ਤੋਂ ਵਰਜਦੀ ਰਹੀ ਅਤੇ ਲਾਭਦਾਇਕ ਕਾਰਜਾਂ ਵਿਚ ਅਗਵਾਈ ਦੇਂਦੀ ਰਹੀ।

ਇਸ ਪ੍ਰਕਾਰ ਵਿਚਰਦਿਆਂ ਕਾਫ਼ੀ ਸਮਾਂ ਬਤੀਤ ਹੋ ਗਿਆ ਤਾਂ ਇਸ ਪ੍ਰੇਮੀ ਨੇ ਦੇਵੀ ਨੂੰ ਮੁਕਤੀ ਦੇਣ ਬਾਰੇ



www.AKJ.Org

ਬੇਨਤੀ ਕੀਤੀ। ਦੇਵੀ ਨੇ ਉਤਰ ਵਿੱਚ ਕਿਹਾ ਕਿ "ਇਹ ਮੇਰੇ ਅਖ਼ਤਿਆਰ ਨਹੀਂ ਹੈ।" ਇਹ ਸੁਣ ਕੇ ਪ੍ਰੇਮੀ ਨੂੰ ਬੜੀ ਨਿਰਾਸਤਾ ਹੋਈ। ਇਸ ਵਿਚਾਰੇ ਨੂੰ ਕੀ ਪਤਾ ਸੀ ਕਿ—

"ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ" ॥ (੮੯੪)

ਅਤੇ ਕਹਿਣ ਲੱਗਾ ਕਿ "ਫਿਰ ਇਹ ਕਿਥੋਂ ਮਿਲੇਗੀ?" ਉੱਤਰ ਵਿੱਚ ਦੇਵੀ ਨੇ ਕਿਹਾ ਕਿ "ਜਦੋਂ ਤੂੰ ਇਸ ਜਗ੍ਹਾ ਤੋਂ ਬਦਲ ਕੇ ਦੂਜੀ ਜਗ੍ਹਾ ਜਾਏਂਗਾ ਓਥੇ ਇਸ ਬਾਰੇ ਤੇਰੀ ਕੋਈ ਅਗਵਾਈ ਕਰੇਗਾ। ਉਸ ਦਾ ਬਚਨ ਮੰਨ ਲੈਣ ਨਾਲ ਤੇਰਾ ਕੰਮ ਬਣ ਜਾਵੇਗਾ। ਤੈਨੂੰ ਆਪਣਾ ਧਰਮ ਵੀ ਬਦਲਣਾ ਪਵੇਗਾ।"

ਸਮਾਂ ਆਉਣ ਤੇ ਇਹ ਪ੍ਰੇਮੀ ਬਦਲ ਕੇ ਵਿਜਿਆਵਾੜਾ ਸ਼ਹਿਰ ਵਿਚ ਪਹੁੰਚ ਗਿਆ ਅਤੇ ਇਸ ਬਾਤ ਤੋਂ ਚੌਕਸ ਰਿਹਾ ਕਿ ਕੌਣ ਇਸ ਦੀ ਅਗਵਾਈ ਕਰਦਾ ਹੈ। ਇਕ ਦਿਨ ਗੁਰੂ-ਨੇਤ ਦਸਮੇਸ਼ ਪਿਤਾ ਜੀ ਦਾ ਇਕ (ਹੀਰਾ) ਸਿੰਘ ਨਿਤਨੇਮ ਕਰ ਰਿਹਾ ਸੀ। ਜਦ ਬਾਣੀ ਦੀਆਂ ਤੁਕਾਂ ਇਸ ਮਦਰਾਸੀ ਵੀਰ ਦੇ ਕੰਨੀਂ ਪਈਆਂ ਤਾਂ ਇਸ ਦੇ ਸਰੀਰ ਵਿਚ ਬਿਜਲੀ ਦੀ ਨਰਮ ਜਿਹੀ ਕਰੰਟ ਵਤ ਝਰਨਾਹਟ ਛਿੜ ਗਈ। ਇਸ ਨੂੰ ਖ਼ਿਆਲ ਆਇਆ ਕਿ "ਐਸਾ ਮੇਰੇ ਨਾਲ ਕਦੀ ਨਹੀਂ ਹੋਇਆ। ਇਹ ਕੀ ਭਾਣਾ ਵਰਤਿਆ ਹੈ? ਕਿਤੇ ਐਸਾ ਨਾ ਹੋਵੇ ਕਿ ਇਸ ਸਰਦਾਰ ਸੱਜਣ ਨੇ ਹੀ ਮੇਰੀ ਅਗਵਾਈ ਕਰਨੀ ਹੋਵੇ!" ਇਸ ਤਰ੍ਹਾਂ ਦੇ ਵਿਚਾਰ ਹਿਰਦੇ ਵਿਚ ਰੱਖ ਕੇ ਇਹ ਵੀਰ ਉਸ ਸਿੰਘ ਪਾਸ ਜਾ ਕੇ ਉਸ ਨੂੰ ਪੁੱਛਣ ਲੱਗਾ, "ਮੁਆਫ਼ ਕਰਨਾ, ਤੂੰ ਇਹ ਕੀ ਪੜ੍ਹ ਰਿਹਾ ਏਂ, ਜਿਸ ਨੂੰ ਸੁਣ ਕੇ ਮੇਰੇ ਸਰੀਰ ਵਿਚ ਝਰਨਾਹਟ ਛਿੜ ਗਈ ਹੈ?" ਤਾਂ ਸਿੰਘ ਨੇ ਦੱਸਿਆ ਕਿ ਉਹ ਗੁਰੂ ਨਾਨਕ ਸਾਹਿਬ ਦੀ ਬਾਣੀ ਪੜ੍ਹ ਰਿਹਾ ਸੀ।

ਫਿਰ ਮਦਰਾਸੀ ਵੀਰ ਨੇ ਦੇਵੀ ਵਾਲੀ ਵਾਰਤਾ ਸੁਣਾਈ ਅਤੇ ਪੁੱਛ ਕੀਤੀ ਕਿ, "ਕੀ ਤੂੰ ਮੇਰੀ ਕੋਈ ਅਗਵਾਈ ਕਰ ਸਕਦਾ ਹੈਂ, ਜਿਸ ਨਾਲ ਮੈਨੂੰ ਮੁਕਤੀ ਦੀ ਦਾਤ ਪ੍ਰਾਪਤ ਹੋ ਜਾਵੇ?" ਤਾਂ ਸਿੰਘ ਨੇ ਉਤਰ ਵਿਚ ਕਿਹਾ ਕਿ, "ਤੂੰ ਠੀਕ ਜਗ੍ਹਾ ਆ ਗਿਆ ਹੈਂ। ਮੁਕਤੀ ਕੇਵਲ ਗੁਰੂ ਨਾਨਕ ਸਾਹਿਬ ਦੇ ਹੀ ਪਾਸ ਹੈ, ਜਿਸ ਨੂੰ ਪ੍ਰਾਪਤ ਕਰਨ ਵਾਸਤੇ ਤੈਨੂੰ ਅੰਮ੍ਰਿਤ ਛਕ ਕੇ (ਸਿੰਘਣੀ ਸਮੇਤ) ਸਿੰਘ ਸਜਣਾ ਪਵੇਗਾ। ਅੰਮ੍ਰਿਤ-ਸਮਾਗਮ ਦਾ ਸਮਾਂ ਆਉਣ ਤਕ ਗੁਰਮੁਖੀ ਸਿਖ ਕੇ ਬਾਣੀ ਪੜ੍ਹਨ ਦੀ ਮੁਹਾਰਤ ਸ਼ੁਰੂ ਕਰ ਦੇਹ।"

ਬੱਸ, ਇਤਨੀ ਗੱਲ ਦੀ ਦੇਰ ਸੀ। ਮਦਰਾਸੀ ਵੀਰ ਨੇ ਆਪਣੀ ਵਹੁਟੀ ਸਮੇਤ ਗੁਰਮੁਖੀ ਪੜ੍ਹਨੀ ਸ਼ੁਰੂ ਕਰ ਦਿਤੀ ਅਤੇ ਦਿਨਾਂ ਵਿਚ ਹੀ ਨਿਤਨੇਮ ਸ਼ੁਰੂ ਕਰ ਦਿਤਾ। ਫਿਰ ਰੰਗ ਐਸਾ ਬੱਝਾ ਕਿ ਸੱਚੇ ਪਾਤਸ਼ਾਹ ਦਾ ਸਰੂਪ ਵੀ ਘਰ ਲੈ ਆਂਦਾ। ਰੰਗ-ਰਤੜੇ ਦੰਪਤੀ ਨੇ ਖ਼ਾਲਸਈ ਨਿਸ਼ਾਨ ਸਾਹਿਬ ਭੀ ਆਪਣੇ ਘਰ ਵਿਚ ਲਿਆ ਝੁਲਾਇਆ ਅਤੇ ਲਗੇ ਦਿੱਲੀ ਦੇ ਦੁਸਹਿਰੇ ਦੇ ਸਮਾਗਮ ਦਾ ਇੰਤਜ਼ਾਰ ਕਰਨ। ਦੁਸਹਿਰੇ ਦਾ ਸਮਾਗਮ ਆਉਣ ਤਕ ਇਸ ਪ੍ਰੇਮੀ ਦੀ ਘਰ-ਵਾਲੀ ਸੁਖਮਨੀ ਸਾਹਿਬ ਦੀ ਨਿਤਨੇਮਣ ਭੀ ਹੋ ਗਈ।

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ (੮੪੫)

ਉਡੀਕਦਿਆਂ ਨੂੰ ਦੁਸਹਿਰਾ ਆ ਗਿਆ। ਇਹ ਦੰਪਤੀ ਸਮੇਤ ਦੋ ਬੱਚਿਆਂ ਦੇ ਦਿਲੀ ਪਹੁੰਚ ਗਏ। ਗੁਰੁ ਗੁਰੁ ਕਰਦੇ ਜਹਾਜ਼ੇ ਚੜ੍ਹ ਗਏ ਅਤੇ ਸੱਚੇ ਗੁਰਦੇਵ ਦੇ ਖੰਡਾਕਾਰ ਨਾਮ ਅਭਿਆਸੀ ਖ਼ਾਲਸੇ ਸਜ ਗਏ। ਗੁਰਮੰਤ੍ਰ ਮਿਲਦਿਆਂ-ਸਾਰ ਹੀ ਟੱਲੀ ਵਤ ਨਾਮ ਦਾ ਖੰਡਾ ਚਲ ਪਿਆ। ਸਤਿਗੁਰਾਂ ਦੇ ਸਨਮੁਖਿ ਹੋ ਕੇ ਸਤਿਗੁਰਾਂ ਨੂੰ ਅੱਖੀਂ ਦੇਖ ਲਿਆ, ਪਰਤਿਆਅ ਲਿਆ ਅਤੇ ਆਪਣਾ ਜਨਮ ਸੰਵਾਰ ਲਿਆ।

ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰ ਅਖੀ ਦੇਖੰ ॥ (੧੦੯੯)

ਇਸ ਤੋਂ ਮਨ ਵਿਚ ਇਕ ਵਿਚਾਰ ਪੈਦਾ ਹੁੰਦੀ ਹੈ ਕਿ ਦੇਵੀ ਨੇ ਵਿੰਗੇ ਟੇਢੇ ਤ੍ਰੀਕੇ ਨਾਲ ਆਪਣੇ ਪੁਜਾਰੀ ਦੀ ਅਗਵਾਈ ਕੀਤੀ। ਸਿੱਧਾ ਕਿਉਂ ਨਾ ਕਹਿ ਦਿੱਤਾ ਕਿ, "ਤੈਨੂੰ ਮੁਕਤੀ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਪ੍ਰਾਪਤ ਹੋ ਵੇਗੀ।" ਇਸ ਵਿਚ ਇਕ ਵੱਡਾ ਭੇਦ ਇਹ ਹੈ ਕਿ—ਗੁਰੂ ਨਾਨਕ ਸਾਹਿਬ ਦਾ ਨਾਮ, ਜਾਂ ਰੱਬ ਦਾ ਨਾਮ, ਜਾਂ ਗੁਰਬਾਣੀ

 [ਬਾਕੀ ਸਫ਼ਾ ੩੪ ਹੇਠ] 

www.AKJ.Org

# ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ

## ਸਭਰਾਵਾਂ ਦੀ ਜੰਗ ਵਿਚ ਸ਼ਾਮ ਸਿੰਘ ਅਟਾਰੀ ਦੀ ਸ਼ਹੀਦੀ

[ਗਿ: ਗੋਪਾਲ ਸਿੰਘ ਜੀ 'ਮਿਤਰ' 340/4 ਰਾਮ ਨਗਰ, ਗੁੜਗਾਉਂ]

ਦੱਸ ਫ਼ਰਵਰੀ ਗੋਰਿਆਂ ਦੀਆਂ ਫ਼ੌਜਾਂ ਚੜ੍ਹ ਕੇ।
ਸਭਰਾਵਾਂ ਮੈਦਾਨ ਵਿਚ ਬੰਦੂਕਾਂ ਫੜ ਕੇ।
ਆ ਲਥੀਆਂ ਸਭ ਪਲਟਨਾਂ ਅੰਦਰੋਂ ਸੜ ਸੜ ਕੇ।
ਪਿਆ ਵੇਖ ਵੇਖ ਕੇ ਜ਼ਿਮੀ ਦਾ ਵੀ ਸੀਨਾ ਧੜਕੇ।
ਫੜ ਸੰਗੀਨਾਂ ਰਹਿਕਲੇ ਵੇਂਹਦੇ ਮੁੜ ਖੜ ਕੇ।
ਚਿੱਟੇ ਚੇਹਰਿਆਂ ਵਾਲੜੇ ਅਗ ਵਾਂਗੂ ਭੜਕੇ।

ਉਨ੍ਹਾਂ 'ਤੀਹ ਹਜ਼ਾਰ' ਚਿਟ-ਚੰਮੜੀਆਂ ਦਾ ਕਟਕ ਚੜ੍ਹਾਇਆ।
ਜੋ ਤੋਪਾਂ 'ਇਕ ਸੌ ਤੀਹ' ਲੈ ਮੈਦਾਨੀਂ ਆਇਆ।
ਹੱਲਾ ਕਰ ਕੇ ਬੱਦਲਾਂ ਦੇ ਵਾਂਗੂ ਛਾਇਆ।
ਇੰਜ ਦਿਸਦਾ ਹਰ ਪਾਸਿਓਂ ਹੋ ਜਾਊ ਸਫ਼ਾਇਆ।
ਤੋਪਾਂ ਕੜ ਕੜ ਕਰਦੀਆਂ ਆਕਾਸ਼ ਗੁੰਜਾਇਆ।
ਹੋਵੇਗਾ ਉਹ 'ਮਿੱਤਰ' ਜੀ, ਜੋ ਰੱਬ ਨੂੰ ਭਾਇਆ।

ਲੌ ! ਵੈਰੀ ਜੋ ਸਿਖ ਰਾਜ ਦਾ ਮਸ਼ਹੂਰ ਪੁਰਾਣਾ।
ਦੁਸ਼ਟ 'ਗੁਲਾਬੂ' ਸ਼ੱਤਰੂ 'ਜਿੰਦਾਂ' ਮਨ ਭਾਣਾ।
ਆ ਪੁਜਿਆ ਵਿਚ ਮੈਦਾਨ ਦੇ ਓਹ ਖ਼ਸਮਾਂ ਖਾਣਾ।
ਸਿਖ ਫ਼ੌਜ ਨੂੰ ਚਾਹੁੰਦਾ ਰਣ ਵਿਚ ਮਰਵਾਣਾ।
ਜਿਸ ਗੁਪਤ ਆਦਮੀ ਭੇਜਿਆ ਦੇ ਕੇ ਪਰਵਾਣਾ।
ਦਸਿਆ ਜਿਸ ਥਾਂ ਮਾਰਨਾ ਹੈ ਤੁਸਾਂ ਨਿਸ਼ਾਣਾ।

ਹੁਣ ਰਲ ਕੇ ਸਿੰਘਾਂ ਸੋਧਿਆ ਏਦਾਂ ਅਰਦਾਸਾ।
ਹੇ ਸਤਿਗੁਰ ਕਲਗੀ ਵਾਲਿਆ ! ਤੇਰਾ ਭਰਵਾਸਾ।
ਹੈ ਸਾਨੂੰ ਭਾਰਾ ਜਾਪਦਾ ਵੈਰੀ ਦਾ ਪਾਸਾ।
ਆਂਸਾ ਲਾਹੀ ਤੇਰੀ ਆਸ ਤੇ ਜੀਵਨ ਦੀ ਆਸਾ।
ਤੂੰ ਸਾਨੂੰ ਦਿੱਤਾ ਦਾਤਿਆ ! ਤੇਗਾਂ ਵਿਚ ਵਾਸਾ।
ਅਸਾਂ ਸਤਲੁਜ ਨਾਲ ਵਗਾਵਣੀ ਅਜ ਰੱਤ ਪਿਆਸਾ।

ਦੋ ਪਾਸਿਓਂ ਸ਼ੁਲਕਾਂ ਛੁੱਟੀਆਂ ਛਿੜ ਪਈ ਲੜਾਈ।
ਰਫ਼ਲਾਂ ਤੋਪਾਂ ਗੜ੍ਹਕੀਆਂ ਤੇ ਕਲ੍ਹਾ ਮਚਾਈ।
ਥਰ ਥਰ ਕੰਬਿਆ ਆਸਮਾਨ ਧਰਤੀ ਘਬਰਾਈ।
ਚਾਰੇ ਪਾਸੇ ਆਣ ਕੇ ਦਹਿਸ਼ਤ ਸੀ ਛਾਈ।
ਰਣ ਵਿਚ ਘੋੜੇ ਹਿਣਕਦੇ ਇੰਜ ਦੇਣ ਸੁਣਾਈ।
ਜਿਉਂ ਹੱਸਣ ਕਲਜੋਗਣਾਂ ਹਥ ਖੱਪਰ ਚਾਈ।

ਆਹੂ ਲਾਹੇ ਸਿੰਘਾਂ ਨੇ, ਜੋ ਅੱਗੇ ਆਇਆ।
ਜਿਵੇਂ ਕਿਸੇ ਨਿਰਦਈ ਨੇ ਬਕਰਾ ਝਟਕਾਇਆ।
ਬਰਛੇ, ਭਾਲੇ, ਤੇਗਿਆਂ ਉਹ ਰੰਗ ਵਿਖਾਇਆ।
ਧਰਤੀ ਸੂਹੇ ਰੰਗ ਦਾ ਜਿਉਂ ਚੋਲਾ ਪਾਇਆ।
ਬੀਰ ਬਹਾਦਰ ਜੋਧਿਆਂ ਉਹ ਜੰਗ ਮਚਾਇਆ।
ਰੱਤ ਮਿੰਝ ਦਾ ਘਾਣ ਬਣ ਧਰਤੀ ਤੇ ਆਇਆ।

ਏਥੇ ਵੀ - ਵੜ ਬਾਹਮਣਾਂ ਕੀਤੀ ਗੱਦਾਰੀ।
'ਤੇਜ ਸਿੰਘ' ਲੈ ਫ਼ੌਜ ਨੂੰ ਗਿਆ ਮਾਰ ਉਡਾਰੀ।
ਬੇੜੀਆਂ ਸੁਟ ਦਰਿਆ ਵਿਚ ਓਹ ਅਤਿਆਚਾਰੀ।
ਸਿੰਘਾਂ ਦੇ ਸਿਰ ਪਾ ਗਿਆ ਇਉਂ ਕਹਿਰ ਕਹਾਰੀ।
'ਲਾਲ ਸਿੰਘ' ਵੀ ਫ਼ੌਜ ਨਾ ਰਣ ਅੰਦਰ ਵਾੜੀ।
ਰਿਹਾ ਤਮਾਸ਼ਾ ਵੇਖਦਾ ਪਾਪੀ ਬੁਰਿਆਰੀ।

ਸਿੰਘਾਂ ਤੇ ਆਫ਼ਤ ਆ ਪਈ ਬਹੁਤੇ ਗਏ ਮਾਰੇ।
ਭਾਵੇਂ ਉਨ੍ਹਾਂ ਦਿਖਾਏ ਸਨ ਬਹੁ ਹੱਥ ਕਰਾਰੇ।
ਪਰ ਕੌਣ ਹੌਸਲਾ ਦਏ ਹੁਣ ਬਾਝੋਂ ਰਖਵਾਰੇ।
ਜਦ ਮਿੱਤਰ ਧ੍ਰੋਹ ਕਮਾਣ ਤਾਂ ਕਿਸਮਤ ਵੀ ਹਾਰੇ।
ਫੱਟ ਖਾ ਕੇ ਸ਼ੇਰ ਜਿਉਂ ਮਾਰੇ ਭਬਕਾਰੇ।
ਤਿਵੇਂ ਸਿੰਘ ਆ ਜੋਸ਼ ਵਿਚ ਮਾਰਨ ਲਲਕਾਰੇ।

'ਅਟਾਰੀ ਵਾਲਾ ਸ਼ਾਮ ਸਿੰਘ' ਸਰਦਾਰ ਸੁਹਾਣਾ।
ਬੁੱਢਾ ਸ਼ੇਰ ਮਝੈਲੀਆ ਪਾ ਚਿੱਟਾ ਬਾਣਾ।
ਘੋੜੇ ਤੇ ਅਸਵਾਰ ਹੋਇ ਬੰਦਾ ਮਰਦਾਣਾ।
ਜੈਕਾਰੇ ਛਡਦਾ ਚੜ੍ਹ ਪਿਆ ਲੈ ਤੁੰਮਣ ਤਾਣਾ।
ਆਖੇ, ਓਇ ਸਿੰਘੋ ਸੂਰਿਓ, ਵਿਚ ਰੱਤ ਨਹਾਣਾ।
ਕਲਗੀਆਂ ਵਾਲਾ ਸਤਿਗੁਰੂ ਕਰਸੀ ਖ਼ਸਮਾਣਾ।

ਸੁਣ ਕੇ ਸਿੰਘਾਂ ਸੂਰਿਆਂ ਦੇ ਡੌਲ੍ਹੇ ਫਰਕੇ।
ਤੋਪਾਂ ਰਫ਼ਲਾਂ ਸੁਟੀਆਂ ਹੱਥ ਤੇਗੇ ਫੜ ਕੇ।
ਵੜ ਗਏ ਵੈਰੀ-ਦਲਾਂ ਵਿਚ ਭਰਵਾਸਾ ਕਰ ਕੇ।
ਜੋ ਅੜਿਆ ਸੋ ਝੜਿਆ, ਸਭ ਕੁਤਰਾ ਕਰ ਕੇ।



www.AKJ.Org

ਪਰਖ਼ਚੇ ਉਡਾਏ ਸਿਰਾਂ ਦੇ ਸਿਰ ਤਲੀ ਤੇ ਧਰ ਕੇ।
ਧਰ ਤੇ ਲਾਸ਼ਾਂ ਵਿੱਛੀਆਂ ਕਹਿੰਦੇ ਨੇ ਵਰਕੇ।
ਬੰਦੂਕਾਂ ਤੋਪਾਂ ਚਲਦੀਆਂ ਇਨ੍ਹਾਂ ਸੀਨੇ ਡਾਹੇ।
ਫੜ ਕਿਰਪਾਨਾਂ ਵਧੀ ਗਏ ਹੋ ਬੇਪਰਵਾਹੇ।
ਹੋਇਆ ਜੋ ਸ਼ਹੀਦ ਉਸ ਕਈ ਵੈਰੀ ਢਾਹੇ।
ਬਾਢੀ ਜਿਉਂ ਬ੍ਰਿਛ ਵੱਢਦਾ ਤਿਉਂ ਆਹੂ ਲਾਹੇ।
ਜਿਤ ਵਲ ਵਧਦੇ ਗਏ, ਓਹ ਕਰ ਦਏ ਸਫ਼ਾਏ।
ਹੁੰਦੇ ਗਏ ਸ਼ਹੀਦ, ਨਾ ਡੋਲੇ ਘਬਰਾਏ।

ਲਾਰਡ 'ਗਫ਼' ਤੇ 'ਹਾਰਡਿੰਗ' ਨੇ ਭੇਜ ਸੁਨੇਹੇ।
ਕਿਹਾ, ਸਿੰਘੋ ਹੁਣ ਸੁਟ ਦਿਉ ਹਥਿਆਰ ਇਵੇਹੇ।
ਬਚ ਨਹੀਂ ਸਕਦੇ ਤੁਸੀਂ ਹੁਣ, ਹਨ ਸਮੇਂ ਅਜੇਹੇ।
ਕੋਈ ਨ ਰਾਖਾ ਤੁਸਾਂ ਦਾ, ਕਿਉਂ ਰਲਦੇ ਖੇਹੇ।
ਦੇਵਾਂਗੇ ਸਰਦਾਰੀਆਂ ਜੋ ਤੁਸੀਂ ਚਹੇ ਹੈ।

ਨੀਵਾਂ ਝੰਡਾ ਕਰ ਦਿਉ ਕੁਝ ਹਿਸੀ ਨ ਕਹਿ ਹੈ।
ਪਰ ਸਿੱਖਾਂ ਮਰਣਾ ਮੰਡਿਆ, ਕਰਨੀ ਕੁਰਬਾਨੀ।
ਇਸ ਝੰਡੇ ਖ਼ਾਤਰ ਵਾਰਨੀ, ਆਪਣੀ ਜ਼ਿੰਦਗਾਨੀ।
ਗਲ ਕਫ਼ਨੀ ਪਾ 'ਸ਼ਾਮ ਸਿੰਘ' ਆਗੂ ਲਾਸਾਨੀ।
ਕੁਦਿਆ ਰਣ ਵਿਚ ਹੱਥ ਫੜ ਓਹ ਨਗਨ ਭਵਾਨੀ।
ਕਿੱਥੇ ਲਾਟ ? ਪੁਕਾਰਦਾ ਚੇਹਰਾ ਬਰਫ਼ਾਨੀ।
ਪਾਈ ਸ਼ਹੀਦੀ ਸ਼ੇਰ ਵਾਂਗ ਕੌਮੀ ਮਹਾਂ-ਦਾਨੀ।

ਜਦ ਡਿੱਠਾ ਫੌਜਾਂ ਢਹਿ ਗਿਆ ਹੈ ਅਰਸ਼-ਮੁਨਾਰਾ।
ਕੀਤਾ ਲਸ਼ਕਰ ਗੋ੍ਰਿਆਂ ਦੇ ਹੱਲਾ ਭਾਰਾ।
ਤੜ ਤੜ ਵਸਿਆ ਗੋਲੀਆਂ ਦਾ ਮੀਂਹ ਕਰਾਰਾ।
ਮਹਾਂ ਭਾਰਤ ਦਾ ਉਸ ਸਮੇਂ ਬਝ ਗਿਆ ਨਜ਼ਾਰਾ।
ਛੇ ਹਜ਼ਾਰ ਸਿੰਘ ਜੂਝਿਆ ਜਸ ਖਟਿਆ ਭਾਰਾ।
'ਮਿੱਤਰ' ਖ਼ਾਲਸਾ ਰਾਜ ਦਾ ਡੁਬ ਗਿਆ ਸਿਤਾਰਾ।

---

[ਸੁਫ਼ਾ ੩੨ ਦੀ ਬਾਕੀ]

ਦੀ ਤੁਕ ਅਥਵਾ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਰਿਆ ਹੋਇਆ ਸ਼ਬਦ ਜਾਂ ਉਸ ਸ਼ਬਦ ਦਾ ਕੋਈ ਭਾਗ ਕੇਵਲ ਮਨੁੱਖਾ ਜਨਮ ਵਿਚ ਹੀ ਉਚਾਰਿਆ ਜਾ ਸਕਦਾ ਹੈ, ਮਨੁੱਖਾ ਦੇਹੀ ਤਿਆਗ ਜਾਣ ਦੇ ਬਾਅਦ ਨਹੀਂ। ਨਾਮੁ ਜਪਣਾ ਤਾਂ ਕਿਧਰੇ ਰਿਹਾ, ਦੇਵੀ ਦੇਵਤੇ ਸਤਿਗੁਰਾਂ ਦਾ ਨਾਮ ਭੀ ਮੂੰਹੋਂ ਨਹੀਂ ਕਹਿ ਸਕਦੇ। ਇਤਨੀ ਬੇਵਸੀ ਦੀ ਹਾਲਤ ਵਿਚ ਇਹ ਮੁਕਤੀ ਕਿਸੇ ਨੂੰ ਕੀ ਦੇ ਸਕਦੇ ਹਨ ! ਸ੍ਰੀ ਮੁਖਵਾਕ ਦਵਾਰਾ ਸਤਿਗੁਰ ਸਚੇ ਪਾਤਸ਼ਾਹ, ਜੋ ਕਿ "ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ" ਹਨ, ਦੇਵੀ ਨੂੰ ਮੁਖ਼ਾਤਿਬ ਕਰ ਕੇ ਪੁਛਦੇ ਹਨ—

"ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥" (੮੭੪)

ਤਾਂ ਤੇ ਸਾਨੂੰ, ਜੋ ਅਜੇ ਮਨੁੱਖਾ ਜਾਮੇ ਵਿਚ ਹੀ ਵਿਚਰ ਰਹੇ ਹਾਂ, ਆਪਣੇ ਆਪ ਨੂੰ ਬਹੁਤ ਖ਼ੁਸ਼-ਕਿਸਮਤ ਸਮਝਣਾ ਚਾਹੀਦਾ ਹੈ ਕਿ ਸਾਨੂੰ ਇਹ ਸੂਝ ਪੈ ਗਈ ਹੈ ਕਿ ਮੁਕਤੀ ਕੇਵਲ ਗੁਰੂ ਨਾਨਕ ਸਾਹਿਬ ਦੇ ਦਰੋਂ ਹ ਪ੍ਰਾਪਤ ਹੋ ਸਕਦੀ ਹੈ। ਜੀਵਨ ਦਾ ਤਾਂ ਕੋਈ ਭਰੋਸਾ ਹੀ ਨਹੀਂ ਹੈ।

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ (੬੬੦)

ਤਾਂ ਫਿਰ ਅਸੀਂ ਢਾੜ ਦਿਨ ਨ ਚੜ੍ਹਨ ਦੇਈਏ ਅਤੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਕੇ ਖ਼ੂਬ ਨਾਮ ਜਪੀਏ, ਬਾਣੀ ਪੜ੍ਹੀਏ ਅਤੇ ਜਿਸ ਮਨੋਰਥ ਲਈ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ ਉਸ ਮਨੋਰਥ ਨੂੰ ਪੂਰਾ ਕਰ ਕੇ ਮੁਖ ਉਜਲਾ ਲੈ ਕੇ ਹਰਿ-ਦਰਗਹਿ ਪੈਧੇ ਜਾਈਏ, ਜਨਮ ਮਰਨ ਤੋਂ ਰਹਿਤ ਹੋ ਜਾਈਏ ਅਤੇ "ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰ ਅਖੀ ਦੇਖੁੰ" ਵਾਲੀ ਅਵਸਥਾ ਨੂੰ ਪਹੁੰਚ ਜਾਈਏ। ਨਹੀਂ ਤਾਂ ਕਿਤੇ ਐਸਾ ਨਾ ਹੋਵੇ ਕਿ ਪਛੋਤਾਵਾ ਹੀ ਰਹਿ ਜਾਏ ਅਤੇ "ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ" (੧੩੪) ਵਾਲੀ ਦਸ਼ਾ ਨੂੰ ਪ੍ਰਾਪਤ ਹੋ ਜਾਈਏ।

---


## ਜੀਵਨ–ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ


www.AKJ.Org

# ਬ੍ਰਹਮ ਗਿਆਨੀ—ਸੰਤ

ਸ੍ਰੀ ਗੁਰੂ ਅਰਜਨ ਦੇਵ ਜੀ ਪੰਚਮ ਗੁਰਦੇਵ ਨੇ ਬ੍ਰਹਮ ਗਿਆਨੀ ਦੀ ਬੇਅੰਤ ਮਹਿਮਾ ਸੁਖਮਨੀ ਸਾਹਿਬ ਵਿਚ ਬਿਆਨ ਕੀਤੀ ਹੈ। ਉਨ੍ਹਾਂ ਨੇ ਦਸਿਆ ਹੈ ਕਿ—

ਬ੍ਰਹਮ ਗਿਆਨੀ ਦੇ ਮਨ ਵਿਚ ਅਤੇ ਮੁਖ ਵਿਚ ਸਦਾ ਸੱਚੇ ਪ੍ਰਭੂ ਦਾ ਵਾਸਾ ਹੁੰਦਾ ਹੈ। ਉਸ ਨੂੰ ਹੋਰ ਕੋਈ ਝਾਕ ਨਹੀਂ ਹੁੰਦੀ। ਉਸ ਦਾ ਅਧਾਰ, ਆਸਰਾ-ਪਰਨਾ ਤੇ ਉਸ ਦਾ ਪਰਵਾਰ, ਸਭ ਕੁਝ ਪ੍ਰਭੂ ਦਾ ਨਾਮ ਹੀ ਹੁੰਦਾ ਹੈ। ਉਸ ਦਾ ਮਨ ਕਾਬੂ ਵਿਚ ਹੁੰਦਾ ਹੈ ਅਤੇ ਉਹ ਪ੍ਰਭੂ-ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਉਸ ਦੀ ਖ਼ੁਰਾਕ ਹੀ ਨਾਮ ਹੈ, ਜਿਸ ਦੇ ਸਦਕਾ ਉਹ ਸਦੀਵਕਾਲ ਪ੍ਰਸੰਨ-ਚਿਤ ਰਹਿੰਦਾ ਹੈ।

ਚੂੰਕਿ ਬ੍ਰਹਮ ਗਿਆਨੀ ਹਰ ਵੇਲੇ ਇਕ ਪ੍ਰਭੂ ਦੇ ਰੰਗ ਵਿਚ ਹੀ ਵਿਚਰਦਾ ਹੈ, ਇਸ ਕਰਕੇ ਪ੍ਰਭੂ ਉਸ ਦੇ ਅੰਗ ਸੰਗ ਹੁੰਦਾ ਹੈ। ਹਿਰਦੇ ਵਿਚ ਸਦਾ ਪ੍ਰਭੂ ਦਾ ਵਾਸਾ ਹੋਣ ਕਰਕੇ, ਉਹ ਖੇੜੇ ਵਿਚ ਰਹਿੰਦਾ ਤੇ ਸੁਖ ਸ਼ਾਂਤੀ ਵਿਚ ਟਿਕਿਆ ਰਹਿੰਦਾ ਹੈ।

ਬ੍ਰਹਮ ਗਿਆਨੀ ਮੈਂ-ਮੈਂ ਵਾਲੀ ਮੱਤ ਨੂੰ ਲਾਗੇ ਨਹੀਂ ਫਟਕਣ ਦੇਂਦਾ। ਉਹ ਉਚੀਓਂ ਉਚੀ ਅਵਸਥਾ ਵਿਚ ਹੁੰਦੇ ਹੋਇਆਂ ਵੀ ਨਿਰਮਾਣ ਰਹਿ ਕੇ ਸਭ ਦੇ ਪੈਰਾਂ ਦੀ ਖ਼ਾਕ ਹੋ ਕੇ ਵਰਤਦਾ ਹੈ। ਉਹ ਨਿਰ-ਅਭਿਮਾਨ ਹੁੰਦਾ ਹੈ।

ਬ੍ਰਹਮ ਗਿਆਨੀ ਨਿਰਮਲ-ਚਿਤ ਹੁੰਦਾ ਹੈ। ਉਸ ਦੇ ਅੰਦਰ ਨਾਮ ਦਾ ਪ੍ਰਗਾਸ ਹੋਇਆ ਹੁੰਦਾ ਹੈ। ਉਹ ਧੀਰਜਵਾਨ ਤੇ ਨਿਰਦੋਖ ਹੁੰਦਾ ਹੋਇਆ ਪਾਪ-ਕਰਮਾਂ ਤੋਂ ਬਚ ਕੇ ਰਹਿੰਦਾ ਹੈ। ਪਰ ਸਦਾ ਬੇਫ਼ਿਕਰ ਵਿਚਰਦਾ ਹੈ।

ਬ੍ਰਹਮ ਗਿਆਨੀ ਸੰਸਾਰਕ ਧੰਦਿਆਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਉਹ ਕੌਲ ਫੁਲ ਵਾਂਗ ਸੰਸਾਰ ਵਿਚ ਵਿਚਰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਉਸ ਦੀ ਜੀਵਨ-ਜੁਗਤੀ ਅਤਿ ਨਿਰਮਲ ਹੁੰਦੀ ਹੈ। ਉਹ ਸਦ-ਸਦਾ ਸਾਵਧਾਨ ਰਹਿੰਦਾ ਹੈ। ਆਤਮ-ਰਸ ਦਾ ਪਛਾਣੂ ਹੁੰਦਾ ਹੈ ਅਤੇ ਅਕਾਲ ਪੁਰਖ ਦਾ ਮਹਿਰਮ ਹੋ ਕੇ ਵੀ ਸਦਾ ਉਸੇ ਨੂੰ ਪਿਆਰ ਕਰਦਾ ਹੈ।

ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਸਭ ਲਈ ਇਕ-ਸਮਾਨ ਹੁੰਦੀ ਹੈ। ਉਸ ਦੀ ਦ੍ਰਿਸ਼ਟੀ ਤੋਂ ਅੰਮ੍ਰਿਤ ਬਰਸਦਾ ਰਹਿੰਦਾ ਹੈ। ਉਹ ਕਿਸੇ ਦਾ ਬੁਰਾ ਨਹੀਂ ਚਿਤਵਦਾ, ਸਗੋਂ ਸਭ ਦਾ ਭਲਾ ਹੀ ਲੋਚਦਾ ਹੈ। ਉਸ ਲਈ ਮਿਤਰ ਸ਼ਤਰੂ ਸਭ ਇਕੋ ਜਿਹੇ ਹਨ। ਉਹ ਸਭਨਾਂ ਤੇ ਹੀ ਮਿਹਰਵਾਨ ਹੁੰਦਾ ਹੈ। ਬ੍ਰਹਮ ਗਿਆਨੀ ਦੇ ਹਿਰਦੇ ਵਿਚ ਸਦਾ ਪਰ-ਉਪਕਾਰ ਕਰਨ, ਦੂਜਿਆਂ ਦੇ ਕੰਮ ਸਵਾਰਨ, ਦੀਨਾਂ ਦੁਖੀਆਂ ਦੀ ਸਹਾਇਤਾ ਕਰਨ ਦਾ ਉਮਾਹ-ਉਤਸ਼ਾਹ ਬਣਿਆ ਰਹਿੰਦਾ ਹੈ।

ਬ੍ਰਹਮ ਗਿਆਨੀ ਦੀ ਸੰਗਤ ਵਿਚ ਅਨੇਕਾਂ ਪ੍ਰਾਣੀਆਂ ਦਾ ਉਧਾਰ ਹੋ ਜਾਂਦਾ ਹੈ। ਉਸ ਦਾ ਨਿਰਮਲ ਉਪਦੇਸ਼ ਸਭਨਾਂ ਨੂੰ ਪਵਿੱਤਰ ਕਰਨ ਵਾਲਾ ਹੁੰਦਾ ਹੈ, ਜਿਸ ਦੇ ਤੁਫ਼ੈਲ ਸਾਰੀ ਲੁਕਾਈ ਨਾਮ ਜਪਣ ਲਗ ਜਾਂਦੀ ਹੈ।

ਬ੍ਰਹਮ ਗਿਆਨੀ ਵਡੇ ਪਰਤਾਪ ਵਾਲਾ ਹੁੰਦਾ ਹੈ ਅਤੇ ਅਜਿਹੇ ਬ੍ਰਹਮ ਗਿਆਨੀ ਦੇ ਦਰਸ਼ਨ-ਦੀਦਾਰੇ ਵਡੇ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ। ਸ਼ਿਵਜੀ ਆਦਿ ਵਡੇ ਵਡੇ ਦੇਵਤੇ ਵੀ ਅਜਿਹੇ ਮਹਾਂ ਪੁਰਖਾਂ ਦੀ ਭਾਲ ਵਿਚ ਰਹਿੰਦੇ ਹਨ। ਬ੍ਰਹਮ ਗਿਆਨੀ ਪਾਰਬ੍ਰਹਮ ਪ੍ਰਭੂ ਦਾ ਰੂਪ ਹੀ ਹੁੰਦਾ ਹੈ।

ਸਤਿਗੁਰੂ ਐਸੇ ਬ੍ਰਹਮ ਗਿਆਨੀ ਤੋਂ ਬਲ ਬਲ ਜਾਂਦੇ ਹਨ ਅਤੇ ਫੁਰਮਾਂਦੇ ਹਨ ਕਿ ਬ੍ਰਹਮ ਗਿਆਨੀ ਦਾ ਕੋਈ ਭੇਦ ਨਹੀਂ ਪਾ ਸਕਦਾ, ਕੋਈ ਅੰਤ ਨਹੀਂ ਪਾ ਸਕਦਾ, ਕੋਈ ਗਤਿ ਮਿਤ ਨਹੀਂ ਦਸ ਸਕਦਾ। ਉਸ ਦੀ ਗਹਿਣਗਤ ਪਾਈ ਹੀ ਨਹੀਂ ਜਾ ਸਕਦੀ। ਤਾਂ ਤੇ ਐਸੇ ਬੇਅੰਤ ਗੁਣਾਂ ਵਾਲੇ ਮਹਾਨ-ਪੁਰਸ਼ ਬ੍ਰਹਮ ਗਿਆਨੀ ਨੂੰ ਸਦਾ ਨਮਸਕਾਰ ਕਰਨੀ ਹੀ ਬਣਦੀ ਹੈ।

ਸਤਿਗੁਰੂ ਜੀ ਦੇ ਵਕਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਹੋਏ ਹਨ ਅਤੇ ਜਦੋਂ ਮਾਤਾ ਗੰਗਾ ਜੀ



www.AKJ.Org

(ਸਤਿਗੁਰਾਂ ਦੀ ਸੁਪਤਨੀ) ਨੇ ਪੁੱਤਰ ਦੀ ਦਾਤ ਲਈ ਸਤਿਗੁਰਾਂ ਪਾਸ ਜਾਚਨਾ ਕੀਤੀ ਸੀ ਤਾਂ ਸਰਬ-ਕਲਾ ਸਮਰੱਥ ਸਤਿਗੁਰੂ ਜੀ ਨੇ, ਆਪਣੇ ਮਹਿਲਾਂ ਨੂੰ ਭਾਈ ਬੁੱਢਾ ਜੀ ਪਾਸ ਹੀ ਭੇਜਿਆ ਸੀ। ਮਾਤਾ ਗੰਗਾ ਜੀ ਰੱਥ ਤੇ ਅਸਵਾਰ ਹੋ ਕੇ ਸ਼ਾਹੀ ਠਾਠ ਬਾਠ ਨਾਲ ਦਾਸੀਆਂ ਸਣੇ ਜਦੋਂ ਉਨ੍ਹਾਂ ਵਲ ਗਏ ਸਨ ਤਾਂ ਸੇਵਾਦਾਰਾਂ ਨੇ ਦਸਿਆ ਕਿ 'ਗੁਰੂ ਕੇ' ਆ ਰਹੇ ਹਨ। ਓਦੋਂ ਬ੍ਰਹਮ ਗਿਆਨੀ ਬਾਬਾ ਜੀ ਦੇ ਮੁਖੋਂ ਸਹਿਵਨ ਹੀ ਬਚਨ ਨਿਕਲ ਗਏ ਕਿ ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ। ਬਾਅਦ ਵਿਚ ਇਹ ਬਚਨ ਸੱਚ ਹੋ ਕੇ ਰਹੇ। ਮਾਤਾ ਗੰਗਾ ਜੀ ਬਾਬਾ ਜੀ ਤੋਂ ਬਖ਼ਸ਼ਸ਼ ਲੈਣ ਦੀ ਥਾਂ ਕਰੋਪੀ ਪਲੇ ਪਾ ਕੇ ਵਾਪਸ ਮੁੜੇ ਤਾਂ ਸਤਿਗੁਰਾਂ ਫ਼ੁਰਮਾਇਆ ਕਿ ਮਹਾਂ ਪੁਰਸ਼ਾਂ ਪਾਸ ਨਿਮਰੀਭੂਤ ਹੋ, ਮਾਂਗਤ ਬਣ ਕੇ ਜਾਈਦਾ ਹੈ, ਅਤੇ ਹੱਥੀਂ ਸੇਵਾ ਕਰ ਕੇ ਰੀਝਾਈਦਾ ਹੈ। ਦੁਬਾਰਾ ਮਾਤਾ ਜੀ ਹੱਥੀਂ ਆਟਾ ਪੀਹ, ਮਿੱਸੇ ਪਰਸ਼ਾਦੇ ਤਿਆਰ ਕਰ, ਲੱਸੀ ਦੀ ਚਾਟੀ ਸਿਰ ਤੇ ਰਖ, ਪੈਦਲ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਬ੍ਰਹਮ ਗਿਆਨੀ ਬਾਬਾ ਜੀ, ਮਾਤਾ ਜੀ ਦਾ ਹੱਥੀਂ ਸਜਾਇਆ ਲੰਗਰ ਛਕ ਕੇ ਤਰੁੱਠ ਪਏ ਅਤੇ ਗੰਢਾ ਮੁੱਕੀ ਨਾਲ ਤੋੜਦਿਆਂ ਬਚਨ ਕੀਤਾ ਕਿ ਮਾਤਾ, ਤੇਰੇ ਘਰ ਐਸਾ ਸੂਰਬੀਰ ਵਰਿਆਮ ਸਪੁਤਰ ਹੋਵੇਗਾ ਜੋ ਦੁਸ਼ਟਾਂ ਦੋਖੀਆਂ ਦੇ ਸਿਰ ਇਸੇ ਗੰਢੇ ਵਾਂਗ ਫੇਹੇਗਾ।

ਇਹ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਹੀ ਸਨ, ਜਿਨ੍ਹਾਂ ਦੇ ਹੱਥੀਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਛੇਵੀਂ ਪਾਤਸ਼ਾਹੀ ਤਕ ਗੁਰ-ਗਦੀ ਦਾ ਤਿਲਕ ਦਿਤਾ ਜਾਂਦਾ ਰਿਹਾ। ਇੰਨੀ ਵਡਿਆਈ ਬ੍ਰਹਮ ਗਿਆਨੀ ਦੀ ਹੈ।

ਅੱਜ ਵੇਖਣ ਵਿਚ ਆਉਂਦਾ ਹੈ ਕਿ ਸੰਤਾਂ ਮਹੰਤਾਂ ਦੇ ਅਨੇਕਾਂ ਡੇਰੇ ਥਾਂ-ਪਰ-ਥਾਂ ਪਸਰੇ ਹੋਏ ਹਨ। ਉਨ੍ਹਾਂ ਡੇਰਿਆਂ ਦੇ ਮੁਖੀਆਂ ਦੇ ਨਾਵਾਂ ਨਾਲ "ਬ੍ਰਹਮ ਗਿਆਨੀ ਸੰਤ" ਅਰੋਪੇ ਜਾਂਦੇ ਹਨ, ਜੋ ਆਪਣੇ ਠਾਠ ਬਾਠ ਵਿਚ ਵਡੇ ਬਣ ਬਣ ਬਹਿੰਦੇ ਹਨ। ਉਨ੍ਹਾਂ ਦੀ ਹਉਮੈ ਵੀ ਕਿਸੇ ਗਲੋਂ ਘਟ ਨਹੀਂ ਹੁੰਦੀ ਅਤੇ ਜਦ ਕਦੇ ਉਨ੍ਹਾਂ ਨੂੰ ਗੁੱਸਾ ਚੜ੍ਹ ਜਾਵੇ ਤਾਂ ਧੀਰਜ ਪਰ ਲਾ ਕੇ ਉਡ ਜਾਂਦੀ ਹੈ। ਉਨ੍ਹਾਂ ਦਾ ਮਾਇਆ ਦਾ ਪਸਾਰਾ ਵੇਖਿਆ ਜਾਏ ਤਾਂ ਲੋਭ-ਲਾਲਚ ਟੀਸੀਆਂ ਨੂੰ ਛੋਂਹਦਾ ਹੁੰਦਾ ਹੈ। ਇਕ ਦੂਜੇ ਨਾਲ ਈਰਖਾ ਤੇ ਵੈਰ-ਵਿਰੋਧ ਵੀ ਲੁਕੇ-ਛਿਪੇ ਨਹੀਂ ਰਹਿੰਦੇ ਅਤੇ ਸਭਨਾਂ ਦਾ ਭਲਾ ਮਨਾਉਣ ਦੀ ਗੱਲ ਵੀ ਪਾਸੇ ਰਹਿ ਜਾਂਦੀ ਹੈ। ਅਜਿਹੇ ਦੂਤਾਂ ਦੇ ਵਸ ਵਿਚ ਆਏ ਹੋਏ ਮੁਖੀਆਂ ਨੂੰ ਬ੍ਰਹਮ ਗਿਆਨੀ ਤੇ ਸੰਤ ਕਹਿਣਾ ਜਾਂ ਲਿਖਣਾ ਕਿਥੋਂ ਦੀ ਗੁਰਮਤਿ ਹੈ?

ਸਤਿਗੁਰਾਂ ਦੇ ਵੇਲੇ ਤਾਂ ਕਿਸੇ ਨੇ ਆਪਣੇ ਆਪ ਨੂੰ ਸੰਤ ਜਾਂ ਬ੍ਰਹਮ ਗਿਆਨੀ ਨਹੀਂ ਅਖਵਾਇਆ ਸੀ ਅਤੇ ਮਹਾਨ ਕਰਨੀਆਂ ਕਮਾਈਆਂ ਵਾਲੇ ਗੁਰਸਿਖ ਵੀ ਆਪਣੇ ਆਪ ਨੂੰ ਭਾਈ ਸਦਵਾ ਕੇ ਪ੍ਰਸੰਨ ਹੁੰਦੇ ਸਨ। ਅੱਜ ਸਿਖ ਕੌਮ ਵਿਚ 'ਭਾਈ' ਟੋਲਿਆਂ ਹੀ ਕੋਈ ਲਭਦਾ ਹੈ, ਪਰ ਸੰਤਾਂ ਤੇ ਬ੍ਰਹਮ ਗਿਆਨੀਆਂ ਦਾ ਕੋਈ ਘਾਟਾ ਨਹੀਂ। ਇਹ ਬੜੀ ਬਦਕਿਸਮਤੀ ਵਾਲੀ ਗੱਲ ਹੈ ਅਤੇ ਇਸ ਵਿਚ ਘਾਟਾ ਹੀ ਘਾਟਾ ਹੈ। ਸਿਖ ਕੌਮ ਦੀ ਅਧੋਗਤੀ ਦਾ ਕਾਰਨ ਇਹ ਗਿਰਾਵਟ ਬਣ ਰਹੀ ਹੈ।

---


## 'ਸੂਰਾ' ਮਾਸਕ ਪੱਤਰ ਦੀ ਮਾਸਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ | ਸੇਵਾ ਸਿੰਘ ਭਾਰਤੀ |
| ੬. ਮਾਲਕ | ਅਖੰਡ ਕੀਰਤਨੀ ਜਥਾ |

ਜਥੇਦਾਰ ਭਾਈ ਰਾਮ ਸਿੰਘ ਜੀ ਸੁਕੋਡਰਨ ਲੀਡਰ (ਰੀ:)

੧੦੨, ਰਾਣੀ ਕਾ ਬਾਗ, ਅੰਮ੍ਰਿਤਸਰ

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੮੯ ਦਸਖ਼ਤ ਪਬਲਿਸ਼ਰ—ਸੇਵਾ ਸਿੰਘ


www.AKJ.Org

# ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ

[ਸ: ਰਵੇਲ ਸਿੰਘ ਜੀ ਐਡਵੋਕੇਟ ਐਮ. ਏ., ਐਲ ਐਲ. ਬੀ.]

"ਦੁਨੀਆ ਭਰ ਵਿਚ ਹੋਰ ਕੋਈ ਐਸਾ ਧਾਰਮਕ ਅਸਥਾਨ ਨਹੀਂ ਜਿਹੋ ਜਿਹਾ ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਹੈ।" ਇਕ ਮੁਸਲਮਾਨ ਫ਼ਕੀਰ ਹਾਜੀ ਮੁਹੰਮਦ ਮਸਕੀਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਜੁੜੀ ਸੰਗਤ ਦੇ ਸਾਹਮਣੇ ਇਹ ਐਲਾਨ ਕਰ ਰਿਹਾ ਸੀ।

੩੧ ਦਸੰਬਰ, ੧੯੨੫ ਈਸਵੀ ਵੀਰਵਾਰ ਨੂੰ ਦਿਨ ਦੇ ਦੋ ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਇਕ ਵੱਡਾ ਦੀਵਾਨ ਸਜਿਆ ਹੋਇਆ ਸੀ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਜੁੜੀਆਂ ਹੋਈਆਂ ਸਨ, ਭਾਈ ਸਾਹਿਬ ਭਾਈ ਹੀਰਾ ਸਿੰਘ ਰਾਗੀ ਕੀਰਤਨ ਕਰ ਰਹੇ ਸਨ। ਕੀਰਤਨ ਮਗਰੋਂ ਭਾਈ ਸਾਹਿਬ ਨੇ ਹਾਜੀ ਮੁਹੰਮਦ ਮਸਕੀਨ ਬਾਰੇ ਸੰਗਤਾਂ ਨੂੰ ਜਾਣ ਪਛਾਣ ਕਰਾਂਦਿਆਂ ਦੱਸਿਆ ਕਿ ਹਾਜੀ ਸਾਹਿਬ ਕਾਫੀ ਸਮਾਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਹਰ ਮਜ਼੍ਹਬ ਤੇ ਹਰ ਕੌਮ ਦੇ ਇਨਸਾਨਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਦਰਸ਼ਨ ਕਰਨ ਦੀ ਖੁੱਲ੍ਹ ਨੂੰ ਦੇਖ ਕੇ ਉਹ ਬੜੇ ਪ੍ਰਭਾਵਤ ਹੋਏ। ਸਾਈਂ ਮੀਆਂ ਮੀਰ ਵਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਨੀਂਹ ਰੱਖਣ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵਖੋ ਵਖ ਧਰਮਾਂ ਦੇ ਭਗਤਾਂ ਦੀ ਬਾਣੀ ਦਰਜ ਹੋਣ ਦੀ ਵਾਕਫ਼ੀਅਤ ਨੇ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਮੋੜ ਲੈ ਆਂਦਾ। ਹਾਜੀ ਸਾਹਿਬ ਜਦੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗਏ, ਉਦੋਂ ਰਬਾਬੀ ਕੀਰਤਨ ਕਰ ਰਹੇ ਸਨ, ਉਹ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਗਾਇਨ ਕਰ ਰਹੇ ਸਨ :

ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ, ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ, ਰਾਫ਼ਜੀ ਇਮਾਮ ਸਾਫ਼ੀ, ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।੮੫।

ਅਕਾਲ ਉਸਤਤਿ

ਅਤੇ– ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ਼ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ, ਖਾਕ, ਬਾਦ, ਆਤਸ਼ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਭੈ ਏਕ ਹੀ ਬਨਾਓ ਹੈ।੧੬।

ਅਕਾਲ ਉਸਤਤਿ, ਪਾ: ੧੦

ਇਹ ਬਾਣੀ ਸੁਣ ਕੇ ਹਾਜੀ ਮੁਹੰਮਦ ਮਸਕੀਨ ਹੈਰਾਨ ਰਹਿ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਹ ਵਿਚਾਰ ਕਿ ਐ ਦੁਨੀਆ ਦੇ ਇਨਸਾਨੋ! ਸਾਰਿਆਂ ਦਾ ਸਰੂਪ ਇਕ ਹੀ ਹੈ ਅਤੇ ਇਸ ਦੀ ਘਾੜਤ ਘੜਨ ਵਾਲਾ ਵੀ ਇਕੋ ਹੀ ਹੈ। ਦੁਨੀਆ ਦੇ ਧਾਰਮਕ ਵਿਚਾਰਾਂ ਵਿਚ ਪ੍ਰੇਮ ਅਤੇ ਪਿਆਰ ਪੈਦਾ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੀ ਹਨ, ਜਿਨ੍ਹਾਂ ਦਾ ਸਾਰਾ ਪ੍ਰਵਾਰ ਮੁਗਲ ਜਾਬਰਾਂ ਤੇ ਜਰਵਾਣਿਆਂ ਹਥੋਂ ਸ਼ਹੀਦ ਹੋ ਗਿਆ, ਪਰ ਫਿਰ ਵੀ ਉਹ ਸਰਬੰਸ-ਦਾਨੀ ਦੁਨੀਆ ਨੂੰ ਇਹ ਸੰਦੇਸ਼ ਦੇ ਰਿਹਾ ਹੋਵੇ ਕਿ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'

ਐਸੀ ਅਵਸਥਾ ਆਮ ਦੁਨਿਆਵੀ ਸਮਝ ਤੋਂ ਉਪਰ ਹੈ। ਭਾਈ ਹੀਰਾ ਸਿੰਘ ਜੀ ਦੀ ਜ਼ਬਾਨ ਵਿਚ ਅਥਾਹ ਰਸ ਸੀ। ਉਹ ਜਿਉਂ ਜਿਉਂ ਹਾਜੀ ਮੁਹੰਮਦ ਮਸਕੀਨ ਬਾਰੇ ਉਕਤ ਵਾਕਫ਼ੀਅਤ ਦਿੰਦੇ ਜਾ ਰਹੇ ਸਨ, ਸੰਗਤਾਂ ਦੇ ਮਨ ਵੀ ਪ੍ਰੇਮ-ਰਸ ਨਾਲ ਗਦ ਗਦ ਹੁੰਦੇ ਜਾ ਰਹੇ ਸਨ। ਭਾਈ ਹੀਰਾ ਸਿੰਘ ਜੀ ਨੇ ਫਿਰ ਸੰਗਤਾਂ ਨੂੰ ਦੱਸਿਆ ਕਿ ਉਕਤ ਅਦੁਤੀ ਪ੍ਰਭਾਵ ਮਗਰੋਂ ਹਾਜੀ ਮੁਹੰਮਦ ਮਸਕੀਨ ਨੇ ਕੀ ਕੀਤਾ, ਇਹ ਹਾਜੀ



www.AKJ.Org

ਸਾਹਿਬ ਆਪ ਹੀ ਸੰਗਤਾਂ ਨੂੰ ਬਿਆਨ ਕਰਨਗੇ।

ਜੈਕਾਰਿਆਂ ਦੀ ਗੂੰਜ ਵਿਚ ਹਾਜੀ ਸਾਹਿਬ ਸੰਗਤਾਂ ਦੇ ਸਾਹਮਣੇ ਖੜ੍ਹੇ ਹੋਏ ਅਤੇ ਕਹਿਣ ਲਗੇ ਕਿ "ਦੁਨੀਆ ਭਰ ਵਿਚ ਹੋਰ ਕੋਈ ਐਸਾ ਧਾਰਮਕ ਅਸਥਾਨ ਨਹੀਂ ਜਿਹੋ ਜਿਹਾ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਹੈ। ਇਹ ਸਾਰੇ ਮਜ਼੍ਹਬਾਂ ਦਾ ਸਾਂਝਾ ਧਰਮ-ਅਸਥਾਨ ਹੈ, ਇਹ ਸਾਰੀਆਂ ਜਾਤ੍ਹਾਂ ਦਾ ਸਾਂਝਾ ਹੈ। ਹਿੰਦੂਆਂ, ਸਿਖਾਂ ਅਤੇ ਮੁਸਲਮਾਨਾਂ ਸਾਰਿਆਂ ਦੀ ਹੀ ਇਸ ਪਵਿੱਤਰ ਅਸਥਾਨ ਨਾਲ ਧਾਰਮਕ ਸਾਂਝ ਹੈ। ਇਹ ਧਾਰਮਕ ਅਸਥਾਨ ਦੁਨੀਆ ਨੂੰ ਸਹੀ ਅਰਥਾਂ ਵਿਚ ਸਰਬ ਸਾਂਝੀਵਾਲਤਾ ਦਾ ਸੱਦਾ ਦਿੰਦਾ ਹੈ।" ਜ਼ਬਾਨ ਇਸ ਸਮੇਂ ਹਾਜੀ ਮੁਹੰਮਦ ਮਸਕੀਨ ਦੀ ਰੁਕ ਚੁਕੀ ਸੀ, ਪਰ ਨੈਣਾਂ ਵਿਚੋਂ ਨਿਕਲ ਰਹੀਆਂ ਜਲ ਦੀਆਂ ਬੂੰਦਾਂ ਉਸ ਦੇ ਮਨ ਦੀ ਅਥਾਹ ਸ਼ਰਧਾ ਦਾ ਸਬੂਤ ਦੇ ਰਹੀਆਂ ਸਨ। ਕੁਝ ਸਮਾਂ ਇਸ ਤਰ੍ਹਾਂ ਰੁਕ ਰੁਕ ਕੇ ਹਾਜੀ ਸਾਹਿਬ ਨੇ ਇਕ ਅਮੋਲਕ ਚੌਰ ਭਾਈ ਸਾਹਿਬ ਭਾਈ ਹੀਰਾ ਸਿੰਘ ਰਾਹੀਂ ਸ੍ਰੀ ਦਰਬਾਰ ਸਾਹਿਬ ਦੀ ਭੇਟਾ ਕਰਦਿਆਂ ਫਿਰ ਸੰਗਤਾਂ ਦੇ ਸਾਮ੍ਹਣੇ ਇਹ ਕਹਿਣਾ ਸ਼ੁਰੂ ਕੀਤਾ ਕਿ "**ਚੰਦਨ ਦਾ ਇਹ ਚੰਵਰ ਪੰਜ ਸਾਲ ਅਤੇ ਸਤ ਮਹੀਨਿਆਂ ਵਿਚ ਤਿਆਰ ਹੋਇਆ ਹੈ। ਨੌਂ ਮਣ ਅਤੇ ਚੌਦਾਂ ਸੇਰ ਚੰਦਨ ਦੀ ਲੱਕੜ ਦੀ ਵਰਤੋਂ ਕੀਤੀ ਗਈ ਹੈ, ਜਿਸ ਵਿਚੋਂ ਵਾਲ ਵਰਗੀਆਂ ਮਹੀਨ ਇਕ ਲੱਖ ੪੫ ਹਜ਼ਾਰ ਤਾਰਾਂ ਕਢ ਕੇ ਇਹ ਚੰਵਰ ਤਿਆਰ ਹੋਇਆ ਹੈ।** ਖ਼ੁਦਾ ਦਾ ਘਰ ਸਮਝ ਕੇ ਇਹ ਚੰਵਰ ਸ੍ਰੀ ਦਰਬਾਰ ਸਾਹਿਬ ਦੀ ਭੇਟਾ ਕੀਤਾ ਜਾ ਰਿਹਾ ਹੈ।" ਹਾਜੀ ਸਾਹਿਬ ਦੇ ਇਹ ਸ਼ਬਦ ਸੁਣਨ ਮਗਰੋਂ ਸੰਗਤਾਂ ਦੇ ਜੈਕਾਰਿਆਂ ਨਾਲ ਆਸਮਾਨ ਗੂੰਜ ਰਿਹਾ ਸੀ। ਇਸ ਚੰਵਰ ਦੇ ਸੰਗਤਾਂ ਨੂੰ ਦਰਸ਼ਨ ਕਰਾਏ ਗਏ ਅਤੇ ਫ਼ਕੀਰ ਹਾਜੀ ਮੁਹੰਮਦ ਮਸਕੀਨ ਨੂੰ ਸ੍ਰੀ ਦਰਬਾਰ ਸਾਹਿਬ ਵਲੋਂ ੧੦੧ ਪੌਂਡ ਅਤੇ ਦੁਸ਼ਾਲਾ ਸਰੋਪੇ ਵਜੋਂ ਬਖ਼ਸ਼ੇ ਗਏ। ਇਹ ਚੰਵਰ ਹੁਣ ਵੀ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿਚ ਰੱਖਿਆ ਹੋਇਆ ਹੈ। ਸਮਾਗਮ ਦੀ ਸਮਾਪਤੀ ਸਮੇਂ ਹਾਜੀ ਮੁਹੰਮਦ ਮਸਕੀਨ ਦਾ ਮਸਤਕ ਸ਼ੁਕਰਾਨੇ ਵਜੋਂ ਝੁਕਿਆ ਹੋਇਆ ਸੀ ਅਤੇ ਸੰਗਤਾਂ ਵੀ ਇਸ ਸ਼ੁਕਰਾਨੇ ਵਿਚ ਸ਼ਾਮਲ ਹੋ ਕੇ ਆਪਣੇ ਮਸਤਕ ਨਿਵਾ ਰਹੀਆਂ ਸਨ ਅਤੇ ਭਾਈ ਹੀਰਾ ਸਿੰਘ ਜੀ ਬੜੀ ਰਸੀਲੀ ਸੁਰ ਵਿਚ ਇਹ ਸ਼ਬਦ ਗਾਇਨ ਕਰ ਰਹੇ ਸਨ :–

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥ ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥
੧੦॥ ਫੁਨਹੇ ਮ: ੫, ਪੰਨਾ ੧੪੬੨

ਭਾਈ ਸਾਹਿਬ ਦੀ ਆਵਾਜ਼ ਦੇ ਨਾਲ ਹੀ ਸੰਗਤਾਂ ਦੀ ਜ਼ਬਾਨ ਅਤੇ ਉਨ੍ਹਾਂ ਦੇ ਰੋਮ ਰੋਮ ਵਿਚੋਂ ਇਹ ਆਵਾਜ਼ ਸੁਣਾਈ ਦੇ ਰਹੀ ਸੀ ਕਿ–

'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ'

---

## ਸੂਹੀ ਮਹਲਾ ੫

**ਹਰਿ ਜਪੇ ਹਰਿ ਮੰਦਰੁ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ, ਸਗਲੇ ਪਾਪ ਤਜਾਵਹਿ ਰਾਮ ॥
ਹਰਿ ਗੁਣ ਗਾਇ ਪਰਮ ਪਦੁ ਪਾਇਆ, ਪ੍ਰਭ ਕੀ ਊਤਮ ਬਾਣੀ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ, ਕਥੀ ਅਕਥ ਕਹਾਣੀ ॥
ਭਲਾ ਸੰਜੋਗੁ ਮੂਰਤੁ ਪਲੁ ਸਾਚਾ, ਅਬਿਚਲ ਨੀਵ ਰਖਾਈ ॥
ਜਨ ਨਾਨਕ ਪ੍ਰਭ ਭਏ ਦਇਆਲਾ, ਸਰਬ ਕਲਾ ਬਣਿ ਆਈ ॥੧॥ (ਪੰਨਾ ੭੮੧)**



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ :

| | |
|---|---|
| (ਹੜ੍ਹ ਪੀੜਤਾਂ ਲਈ) | |
| ਸਿਖ ਇਸਤ੍ਰੀ ਸਤਿਸੰਗ, ਗਰੇਵਜ਼ੈਂਡ | ੬੨੧੦-੦੦ |
| ਭਾਈ ਨਿਰਮਲ ਸਿੰਘ, ਸਲੋਅ, ਯੂ.ਕੇ. | ੧੩੫੦-੦੦ |
| ਸਾਧ ਸੰਗਤ, ਕੋਵੈਂਟਰੀ, ਯੂ.ਕੇ. | ੫੭੭੮੦-੦੦ |
| ਸ: ਜਗੀਰ ਸਿੰਘ ਗਿਲ, ਕੁਐਂਸਲ, ਕੈਨੇਡਾ | ੨੪੮੩-੦੦ |
| ਬੀਬੀ ਕੇਸਰ ਕੌਰ, ਦਿੱਲੀ | ੩੦੦-੦੦ |
| ਭਾਈ ਹਰਭਜਨ ਸਿੰਘ, ਦਿੱਲੀ | ੨੦੦-੦੦ |
| ਭਾਈ ਮਹਿੰਦਰ ਸਿੰਘ, ਮੁਜ਼ੱਫਰ ਨਗਰ | ੧੦੦-੦੦ |
| ਭਾਈ ਮਦਨ ਸਿੰਘ, ਮੁਜ਼ੱਫਰ ਨਗਰ | ੧੦੦-੦੦ |
| ਅਖੰਡ ਕੀਰਤਨੀ ਜਥਾ, ਕਲਕੱਤਾ | ੫੦੦੦-੦੦ |
| ਬੀ: ਬਚਨਕੌਰW/Oਸ: ਜਗਜੀਤ ਸਿੰਘ, ਵੈਨਕੋਵਰ | ੨੫੦-੦੦ |
| ਭਾਈ ਸੁਰਿੰਦਰ ਸਿੰਘ, ਖਾਨਪੁਰ ਸਹੋਤਾ | ੫੦੦-੦੦ |
| ਭਾਈ ਗੁਰਦੀਪ ਸਿੰਘ, ਕਾਨਪੁਰ | ੨੭੦-੦੦ |
| ਭਾਈ ਰਾਜਿੰਦਰ ਸਿੰਘ ਰੀਹਲ, ਕਰੀਹਾ | ੧੦੦-੦੦ |
| ਗੁਪਤ ... ... | ੧੦੫-੦੦ |
| ਸ: ਅਜਮੇਰ ਸਿੰਘ, ਅਮਰੀਕਾ | ੧੫੦੦-੦੦ |

| | |
|---|---|
| ਸ਼ਬਦ ਕੀਰਤਨ ਨਾਮ ਸਿਮਰਨ ਤੇ ਅੰਮ੍ਰਿਤਸਰ ਸੰਗੀਤ ਸਭਾ | ੧੭ ਰਜਾਈਆਂ |
| ਸ: ਬਚਨ ਸਿੰਘ, ਕੋਕਰੀ ਖੁਰਦ **ਸ਼ਹੀਦੀ ਫੰਡ** | ੨੧-੦੦ |
| ਸ: ਪ੍ਰਦੁੰਮਨ ਸਿੰਘ, ਜਲੰਧਰ (ਗੁਰੂ ਕੀ ਗੋਲਕ) | ੧੦੦-੦੦ |
| ਸਾਧ ਸੰਗਤ, ਸਾਊਥਾਲ ਯੂ.ਕੇ. | ੫੯੪-੦੦ |
| ਭਾਈ ਸ਼ਿਵਦੇਵ ਸਿੰਘ, ਲੰਡਨ | ੧੩੫੦-੦੦ |
| ਸਾਧ ਸੰਗਤ, ਸਲੋਅ, ਯੂ.ਕੇ. | ੭੪੨੫-੦੦ |
| ਸਾਧ ਸੰਗਤ, ਮੇਂਡਨ ਹੈਡ, ਬਰਕਸ, ਯੂ.ਕੇ. | ੨੮੩੫-੦੦ |
| ਅਖੰਡ ਕੀਰਤਨੀ ਜਥਾ, ਕਲਕੱਤਾ | ੫੦੫੧-੦੦ |
| ਭਾਈ ਕੁਲਵੰਤ ਸਿੰਘ, ਨੋਟਿੰਘਮ ਯੂ.ਕੇ. | ੫੨੮-੦੦ |
| ਭਾਈ ਕਰਤਾਰ ਸਿੰਘ, ਨੈਨੋਵਾਲ ਖੁਰਦ | ੧੦੧-੦੦ |
| ਸਾਧ ਸੰਗਤ, ਕੋਪਨ ਹੈਗਨ ਡੈਨਮਾਰਕ | ੧੫੦੧-੦੦ |
| ,, ,, | ੪੨੦੨-੦੦ |
| ਭਾਈ ਰਾਮ ਸਿੰਘ, ਸਾਊਥਾਲ ਯੂ.ਕੇ. | ੩੫੩੨੮-੦੦ |
| ਗੁਪਤ | ੧੦੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

ਜਿਨ੍ਹਾਂ ਪਰਵਾਰਾਂ ਦੇ ਕਮਾਊ ਮੈਂਬਰ ਮਾਰੇ ਗਏ, ਜਾਂ ਲਾ-ਪਤਾ ਹਨ, ਜਾਂ ਕੈਦ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ, ਬੱਚਿਆਂ ਦੀ ਪੜ੍ਹਾਈ ਅਤੇ ਕੇਸ ਦੀ ਪੈਰਵੀ ਆਦਿ ਲਈ ਹੇਠ ਲਿਖੀ ਮਦਦ ਦਿਤੀ ਗਈ :

| | |
|---|---|
| ਬੀਬੀ ਅਮਰਜੀਤ ਕੌਰ ਸੁਪਤਨੀ ਭਾ: ਤੇਜਵੰਤ ਸਿੰਘ ਅੰਬਾਲਾ (ਪਤੀ ਜੇਲ੍ਹ, ਕੇਸ ਦੀ ਪੈਰਵੀ, ਪ੍ਰਵਾਰਕ ਲੋੜਾਂ) | ੫੦੦੦-੦੦ |
| ਬੀਬੀ ਸੁਰਿੰਦਰ ਕੌਰ ਸੁਪਤਨੀ ਭਾ: ਰਤਨ ਸਿੰਘ ਬਟਾਲਾ (ਪਤੀ ਜੇਲ੍ਹ, ਕੇਸ ਦੀ ਪੈਰਵੀ ਆਦਿ ਲਈ) | ੫੦੦੦-੦੦ |
| ਬੀਬੀ ਦਲਬੀਰ ਕੌਤ ਸੁਪਤਨੀ ਭਾ: ਗੁਰਮੇਜ ਸਿੰਘ ਡਬਵਾਲੀ, ਗੁਰਦਾਸਪੁਰ(ਪਤੀ ਲਾ-ਪਤਾ, ਪ੍ਰਵਾਰਕ ਲੋੜਾਂ) | ੫੦੦੦-੦੦ |
| ਮਾਤਾ ਗੁਰਦੀਪ ਕੌਰ ਰਾਏਪੁਰ ਕਲਾਂ, ਅੰਮ੍ਰਿਤਸਰ (ਪੁਤਰ ਸ਼ਹੀਦ, ਮਾਤਾ ਪਿਤਾ ਦੇ ਗੁਜ਼ਾਰੇ ਲਈ) | ੧੦੦੦੦-੦੦ |
| ਬੀਬੀਅਮਰਕੌਰ(ਮਦਰਾਸੀ ਪਰਵਾਰ)(ਪਤੀ ਚੜ੍ਹਾਈ ਕਰਨ ਤੇ ਬੱਚਿਆਂ ਦੀ ਪੜ੍ਹਾਈ ਆਦਿ ਲਈ)ਮਾਸਕ ਸਹਾਇਤਾ | ੪੦੦-੦੦ |
| ਮਾਸਕ ਸਹਾਇਤਾ ਫੌਜੀ ਅਤੇ ਸ਼ਹੀਦ ਪਰਵਾਰਾਂ ਨੂੰ ਬੈਂਕ ਰਾਹੀਂ ੫+੬+੫+੮=੨੪ | ੫੩੦੦-੦੦ |
| ਬੀਬੀ ਪ੍ਰਕਾਸ਼ ਕੌਰ ਸੁਪਤਨੀ ਸ: ਗਿਆਨ ਸਿੰਘ ਰਿਸ਼ੀਆ, ਗੁਰਦਾਸਪੁਰ (ਪਤੀ ਜੇਲ੍ਹ, ਕੇਸ ਦੀ ਪੈਰਵੀ ਤੇ ਪਰਵਾਰਕ ਲੋੜਾਂ) | ੫੦੦੦-੦੦ |

## ਹੜ੍ਹ ਪੀੜਤਾਂ ਦੀ ਸਹਾਇਤਾ ਬਿਨਾਂ ਕਿਸੇ ਜ਼ਾਤ ਪਾਤ ਦੇ ਵਿਤਕਰੇ

ਜਿਲਾ ਕਪੂਰਥਲਾ ਵਿਚ ਬਿਆਸ ਦਰਿਆ ਦੇ ਨਾਲ ਨਾਲ, ਸ੍ਰੀ ਗੋਇੰਦਵਾਲ ਸਾਹਿਬ ਦੇ ਮੰਡ ਇਲਾਕੇ ਦੇ ਪਿੰਡਾਂ ਵਿਚ, ਜਿਥੇ ਕਿ ਹੜ੍ਹ ਦੇ ਪਾਣੀ ਨੇ ਬਹੁਤ ਤਬਾਹੀ ਕੀਤੀ, ਪਿੰਡਾਂ ਦੇ ਪਿੰਡ ਰੋੜ੍ਹ ਦਿਤੇ, ਸਾਜ਼-ਸਮਾਨ ਘਰ ਕੁਲੇ ਸਭ ਤਬਾਹ ਹੋ ਗਏ, ਭਾਈ ਸਾਧੂ ਸਿੰਘ ਜੀ ਕਪੂਰਥਲਾ ਨੇ ਹੋਰ ਸਿੰਘਾਂ ਨਾਲ ਮਿਲ ਸਾਰੇ ਇਲਾਕੇ ਦੇ ਹੜ੍ਹ-ਪੀੜਤਾਂ ਦੀ ਚੰਗੀ ਤਰ੍ਹਾਂ ਘੋਖ-ਪੜਤਾਲ ਕੀਤੀ ਅਤੇ ਉਨ੍ਹਾਂ ਨੂੰ ੧੧੬ ਜਰਸੀਆਂ ਛੋਟੀਆਂ ਵੱਡੀਆਂ ਅਤੇ ੯੬ ਰਜਾਈਆਂ ਮਿਤੀ ੨੫-੧-੮੯ ਨੂੰ ਅਤੇ ਦੁਬਾਰਾ ਫਿਰ ੯-੨-੮੯ ਨੂੰ ੧੦੦ ਰਜਾਈਆਂ ਵੰਡੀਆਂ ਗਈਆਂ । ਹੁਣ ੧੦੦ ਰਜਾਈ ਹੋਰ ਇਸੇ ਇਲਾਕੇ ਦੀ ਲੋੜ ਪੂਰੀ ਕਰਨ ਲਈ ਤਿਆਰ ਕੀਤੀ ਜਾ ਰਹੀ ਹੈ । ਉਪਰੰਤ ਇਸੇ ਟੀਮ ਦੁਆਰਾ ਲੋਹੀਆਂ ਤੋਂ ਅਗਲੇ ਹੜ੍ਹ ਮਾਰੇ ਇਲਾਕੇ ਦਾ ਸਰਵੇ ਕਰਕੇ ਉਥੋਂ ਦੀ ਲੋੜ ਅਨੁਸਾਰ ਜਰਸੀਆਂ ਕੰਬਲ ਆਦਿ ਵੰਡੇ ਜਾਣਗੇ । ਇਸ ਤੋਂ ਬਾਅਦ ਕਾਹਨੂਵਾਨ ਤੋਂ ਅਗਲੇ ਹੜ੍ਹ ਮਾਰੇ ਪਿੰਡਾਂ ਦੀ ਵਾਰੀ ਆਏਗੀ ।

www.AKJ.Org

# ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਸੂਚਨਾ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ. ਦੀ ਜਨਰਲ ਬਾਡੀ ਦੀ ਮੀਟਿੰਗ ਗੁ: ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਵਿਖੇ 8 ਅਪ੍ਰੈਲ ਨੂੰ ਸ਼ਾਮ ਦੇ ਸਾਢੇ ਤਿੰਨ ਵਜੇ ਹੋਵੇਗੀ। ਇੰਗਲੈਂਡ ਨਿਵਾਸੀ ਸਮੂਹ ਮੈਂਬਰ ਵਕਤ ਸਿਰ ਪਹੁੰਚ ਕੇ ਮੀਟਿੰਗ ਦੀ ਕਾਰਵਾਈ ਵਿਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨ।

# ਵੈਸਾਖੀ ਦਾ ਸਮਾਗਮ ਲੋਕਲ ਪੱਧਰ ਤੇ

ਹਾਲਾਤ ਨੂੰ ਮੁਖ ਰਖਦਿਆਂ ਵੈਸਾਖੀ ਦਾ ਸਮਾਗਮ ਲੋਕਲ ਪੱਧਰ ਤੇ ਮਨਾਇਆ ਜਾਵੇ। ਥਾਉਂ ਥਾਈਂ ਸ੍ਰੀ ਅਖੰਡ ਪਾਠ ਕਰ ਕੇ ਕੀਰਤਨ ਸਮਾਗਮ ਰਚੇ ਜਾਣ। ਭੋਗ ਸਮੇਂ ਪੰਥਕ ਏਕਤਾ ਅਤੇ ਚੜ੍ਹਦੀ ਕਲਾ ਲਈ ਅਰਦਾਸੇ ਸੋਧੇ ਜਾਣ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

# ਭਾ: ਸਾ: ਭਾਈ ਰਣਧੀਰ ਸਿੰਘ ਗੁਰਮਤਿ ਅਕੈਡਮੀ, ਲੁਧਿਆਣਾ

ਸਮੂਹ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਗੁਰਮਤਿ ਅਕੈਡਮੀ ਦੀ ਸਥਾਪਨਾ ਲਈ ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਦੋ ਏਕੜ ਦਾ ਪਲਾਟ ਖ੍ਰੀਦਿਆ ਗਿਆ ਹੈ। ਪੋਹ ਸੁਦੀ ਸਪਤਮੀ ਸਮਾਗਮ ੧੯੮੯ ਸਮੇਂ ਪੰਜਾਂ ਪਿਆਰਿਆਂ ਨੇ ਟੱਕ ਲਾ ਕੇ ਸੇਵਾ ਅਰੰਭ ਕਰ ਦਿਤੀ ਹੈ। ਪਲਾਟ ਨੂੰ ਪਧਰਾ ਕਰ ਕੇ ਉਸ ਦੀ ਚਾਰ-ਦੀਵਾਰੀ ਕਰ ਲਈ ਗਈ ਹੈ। ਇਸ ਅਸਥਾਨ ਤੇ ਸਕੂਲ ਦੀ ਬਿਲਡਿੰਗ, ਲਾਇਬ੍ਰੇਰੀ, ਕੀਰਤਨ ਹਾਲ ਆਦਿ ਦੀ ਸੇਵਾ ਜਾਰੀ ਹੈ। ਸੰਗਤਾਂ ਇਸ ਸ਼ੁਭ ਕਾਰਜ ਵਿਚ ਤਨ ਮਨ ਧਨ ਰਾਹੀਂ ਸਹਿਯੋਗ ਬਖ਼ਸ਼ਣ।

ਨੋਟ :—ਚੈਕ ਜਾਂ ਬੈਂਕ ਡਰਾਫ਼ਟ "ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ" ਦੇ ਨਾਮ ਹੋਣ ਅਤੇ ੨੩-ਜੀ, ਸਰਾਭਾ ਨਗਰ, ਲੁਧਿਆਣਾ ਦੇ ਪਤੇ ਤੇ ਭੇਜੇ ਜਾਣ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

# ਦਫ਼ਤਰ 'ਸੂਰਾ' ਮਾਸਕ ਪੱਤਰ

ਗਲਿਆਰਾ ਸਕੀਮ ਵਿਚ ਡੇਗੀਆਂ ਗਈਆਂ ਇਮਾਰਤਾਂ ਵਿਚ 'ਸੂਰਾ' ਦਾ ਦਫ਼ਤਰ ਵੀ ਡੇਗਿਆ ਜਾ ਚੁਕਾ ਹੈ। ਉਸ ਦੇ ਬਦਲੇ ਹੁਣ ਸੁਲਤਾਨਵਿੰਡ ਦਰਵਾਜ਼ੇ ਦੇ ਬਾਹਰ, ਪਾਣੀ ਦੀ ਟੈਂਕੀ ਦੇ ਸਾਹਮਣੇ, ਅਜੀਤ ਨਗਰ ਦੇ ਅੰਦਰ ਜਾਂਦੀ ਸੜਕ ਉਤੇ ਖੱਬੇ ਹੱਥ, ਤੂੜੀ ਦੇ ਟਾਲ ਦੇ ਲਾਗੇ, ਪਲਾਟ ਨੰਬਰ 390 'ਸੂਰਾ' ਦਫ਼ਤਰ ਲਈ ਅਲਾਟ ਹੋ ਗਿਆ ਹੈ। ਉਸਾਰੀ ਲਗ ਪਗ ਮੁਕੰਮਲ ਹੋ ਗਈ ਹੈ। ਦੋ ਕੁ ਹਫ਼ਤਿਆਂ ਤਕ ਮੁਕੰਮਲ ਹੋ ਕੇ ਦਫ਼ਤਰ 390 ਨੰਬਰ ਦੁਕਾਨ ਵਿਚ ਆ ਜਾਵੇਗਾ। ਸੂਰਾ ਦਾ ਪਤਾ ਅਗੋਂ ਇਉਂ ਹੋਵੇਗਾ—

ਸੂਰਾ ਮਾਸਕ ਪੱਤਰ, ਸਾਹਮਣੇ ਪਾਣੀ ਟੈਂਕੀ, 390-ਅਜੀਤ ਨਗਰ ਰੋਡ, ਸ੍ਰੀ ਅੰਮ੍ਰਿਤਸਰ

ਅਜੇ ਸਾਡਾ ਡਾਕ ਦਾ ਐਡਰੈਸ ਪਿਛਲਾ ਹੀ ਹੈ :

**Sura Monthly, Bazar Mai Sewan, Amritsar**

www.AKJ.Org